# ਬੁੱਕਲ ਤੇ ਸ਼ੀਸ਼ੇ ਦਾ ਸ਼ਹਿਰ



ਚਰਨ ਸਿੰਘ

# ਬੁੱਕਲ
# ਤੇ
# ਸ਼ੀਸ਼ੇ ਦਾ ਸ਼ਹਿਰ

(ਕਾਵਿ-ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼
ਪੰਜਾਬ ਬੁੱਕ ਸੈਂਟਰ

# Bukkal Te Sheeshe Da Shahir

( A Collection of Poems )

By : CHARAN SINGH
9251 ARVIDA, DR.
RICHMOND B.C. V7A4K5
CANADA
Phone : 604-448-0331
Email : virdycharan@gmail.com

©Author

Edition : 2012

Price : Rs. 200/-

Title Designed by : Daljeet Saini

**Published by :**
Punjab Book Centre
Sector 22, Chandigarh
Tel. : 0172-2701952, 27855056

---

ਬੁੱਕਲ ਤੇ ਸ਼ੀਸ਼ੇ ਦਾ ਸ਼ਹਿਰ (ਕਾਵਿ-ਸੰਗ੍ਰਹਿ), ਸ਼ਾਇਰ : ਚਰਨ ਸਿੰਘ
ਪ੍ਰਕਾਸ਼ਕ : ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ
ਛਾਪਕ : ਸਿਧਾਰਥ ਮੀਡੀਆ ਪਰਿੰਟਰਜ਼, ਚੰਡੀਗੜ੍ਹ

ਮਿਹਰਬਾਨ ਤੇ ਪਰਮ ਮਿੱਤਰ
ਅੰਮ੍ਰਿਤਪਾਲ ਸਿੰਘ ਜੀ ਨੂੰ
ਸਤਿਕਾਰ ਸਹਿਤ

<u>ਇਸੇ ਕਲਮ ਤੋਂ</u>

* ਤੀਸਰੀ ਅੱਖ (ਕਾਵਿ ਸੰਗ੍ਰਹਿ) 1982
* ਮਿੱਟੀ 'ਚ ਉੱਕਰੇ ਅੱਖਰ (ਕਾਵਿ ਸੰਗ੍ਰਹਿ) 1984
* ਸ਼ੁਨਯ-ਬੋਧ (ਕਾਵਿ ਸੰਗ੍ਰਹਿ) 1987
* ਆਪੇ ਬੋਲ ਸ੍ਰੋਤ (ਲੰਬੀ ਕਵਿਤਾ) 1998
* ਗਗਨ ਮੈਂ ਥਾਲੁ (ਕਾਵਿ ਸੰਗ੍ਰਹਿ) 2008
* ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ) 2008
* ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ) 2008
* ਮੁੜ੍ਹਕੋ ਮੁੜ੍ਹਕੀ ਪੌਣ (ਕਾਵਿ ਸੰਗ੍ਰਹਿ) 2009
* ਵਿਪਰੀਤ (ਕਾਵਿ ਸੰਗ੍ਰਹਿ) 2009
* ਬਿੰਦੂ ਤੇ ਦਾਇਰੇ (ਕਾਵਿ ਸੰਗ੍ਰਹਿ) 2009
* ਅੰਤਰੀਵ (ਕਾਵਿ ਸੰਗ੍ਰਹਿ) 2010
* ਸੂਰਜ ਤੇ ਕਿਰਨਾਂ (ਕਾਵਿ ਸੰਗ੍ਰਹਿ) 2010
* ਤ੍ਰੁਪਕਾ ਤ੍ਰੁਪਕਾ ਸੂਰਜ (ਕਾਵਿ ਸੰਗ੍ਰਹਿ) 2010
* ਆਧੁਨਿਕ ਵਿਸ਼ਵ (ਲੰਬੀ ਕਵਿਤਾ) 2011
* ਪ੍ਰਕਰਮਾ (ਕਾਵਿ ਸੰਗ੍ਰਹਿ) 2011
* ਦੀਵੇ ਜਗਦੇ ਨੈਣ (ਅਗਜ਼ਲ ਸੰਗ੍ਰਹਿ) 2011
* ਰਿਸ਼ਮਾਂ (ਕਾਵਿ ਸੰਗ੍ਰਹਿ) 2012
* ਦਰਪਣ (ਕਾਵਿ ਸੰਗ੍ਰਹਿ) 2012
* ਅਨੁਭਵ (ਕਾਵਿ ਸੰਗ੍ਰਹਿ) 2012
* ਪ੍ਰਛਾਵੇਂ (ਕਾਵਿ ਸੰਗ੍ਰਹਿ) 2012
* ਤ੍ਰੈਕਾਲ (ਕਾਵਿ ਸੰਗ੍ਰਹਿ) 2012
* ਤ੍ਰਿਵੇਣੀ (ਕਾਵਿ ਸੰਗ੍ਰਹਿ) 2012
* ਆਗਮਨ (ਕਾਵਿ ਸੰਗ੍ਰਹਿ) 2012
* ਪ੍ਰਵਾਜ਼ (ਕਾਵਿ ਸੰਗ੍ਰਹਿ) 2012
* ਕੋਰਾ ਕਾਗ਼ਜ਼ (ਕਾਵਿ ਸੰਗ੍ਰਹਿ) 2012
* ਸ਼ਬਦਾਂ ਦਾ ਸਫ਼ਰ (ਕਾਵਿ ਸੰਗ੍ਰਹਿ) 2012
* ਬੁੱਕਲ (ਕਾਵਿ ਸੰਗ੍ਰਹਿ) 2012
* ਸ਼ੀਸ਼ੇ ਦਾ ਸ਼ਹਿਰ (ਕਾਵਿ ਸੰਗ੍ਰਹਿ) 2012

## ਚਰਨ ਸਿੰਘ ਦਾ ਜੀਵਨ—ਬਿਓਰਾ

ਜਨਮ : ਪਿੰਡ ਬੇਗੋਵਾਲ, ਨਵੰਬਰ 1/1947

ਪਿਤਾ ਦਾ ਨਾਮ : ਸ੍ਰੀ ਲਾਲ ਸਿੰਘ

ਮਾਤਾ ਦਾ ਨਾਮ : ਸ੍ਰੀਮਤੀ ਸੰਤ ਕੌਰ

ਪਤਨੀ : ਪ੍ਰਕਾਸ਼ ਕੌਰ

ਮੁੱਢਲੀ ਵਿੱਦਿਆ : ਸਿਆਲਕੋਟ ਖਾਲਸਾ ਹਾਈ ਸਕੂਲ ਜਲੰਧਰ

ਉੱਚ ਵਿੱਦਿਆ : ਲਾਇਲਪੁਰ ਖਾਲਸਾ ਕਾਲਜ ਜਲੰਧਰ

ਐਮ.ਏ. ਪੰਜਾਬੀ

ਚਰਨ ਸਿੰਘ 1980 ਤੋਂ ਕੈਨੇਡਾ ਰਹਿ ਰਿਹਾ ਹੈ

### ਛਪਾਈ ਅਧੀਨ ਪੁਸਤਕਾਂ

(1) ਹੰਝੂਆਂ ਦੇ ਦਰਿਆ (ਗੀਤਾਂ ਦਾ ਸੰਗ੍ਰਹਿ)
(2) ਮੈਂ ਪਗਡੰਡੀ ਮੰਜ਼ਿਲ ਤੇ ਕਮਰਾ (ਲੰਬੀ ਕਵਿਤਾ)
(3) ਹੋਂਦ ਦੀ ਤਲਾਸ਼ (ਲੰਬੀ ਕਵਿਤਾ)
(4) ਕੁਕਨੂਸ (ਕਾਵਿ ਸੰਗ੍ਰਹਿ)
(5) ਮੌਲੀ ਧਰਤੀ (ਕਾਵਿ ਸੰਗ੍ਰਹਿ)
(6) ਸੰਤੁਲਨ (ਕਾਵਿ ਸੰਗ੍ਰਹਿ)
(7) ਖ਼ਾਲੀ ਘਰ (ਕਾਵਿ ਸੰਗ੍ਰਹਿ)
(8) ਪ੍ਰਦਰਸ਼ਨੀ (ਕਾਵਿ ਸੰਗ੍ਰਹਿ)
(9) ਸਮਾਧੀ (ਕਾਵਿ ਸੰਗ੍ਰਹਿ)
(10) ਮੁਕਤੀ (ਲੰਬੀ ਕਵਿਤਾ)
(11) ਕ੍ਰਾਂਤੀ (ਕਾਵਿ ਸੰਗ੍ਰਹਿ)
(12) ਹਸਤਨਾਪੁਰ (ਕਾਵਿ ਸੰਗ੍ਰਹਿ)
(13) ਜਗਿਆਸਾ (ਕਾਵਿ ਸੰਗ੍ਰਹਿ)
(14) ਪ੍ਰਦੂਸ਼ਨ (ਕਾਵਿ ਸੰਗ੍ਰਹਿ)
(15) ਬਸਤੀ ਤੇ ਸ਼ਹਿਰ (ਕਾਵਿ ਸੰਗ੍ਰਹਿ)
(16) ਅਰਥ (ਕਾਵਿ ਸੰਗ੍ਰਹਿ)
(17) ਸੁਰੱਖਸ਼ਾ (ਕਾਵਿ ਸੰਗ੍ਰਹਿ)
(18) ਮਹਿਮਾ (ਕਾਵਿ ਸੰਗ੍ਰਹਿ)
(19) ਚੁੱਪ ਦੀ ਅਵਾਜ਼ (ਕਾਵਿ ਸੰਗ੍ਰਹਿ)
(20) ਕਿਵ ਸੱਚਿਆਰਾ ਹੋਈਐ (ਨਾਟਕ)

# ਅਵਾਰਡਜ਼

(1) AWARD OF DISTINCTION
FROM : INDO - CANADIAN TIMES 1984

(2) ਸ਼ਾਨੇ ਪੰਜਾਬ DISTINCTION AWARD
FROM : INDO - CANADIAN TIMES 1986

(3) PROF MOHAN SINGH MEMORIAL
FOUNDATION, CANADA.

(4) AWARD OF DISTINCTION
FROM : RADIO RIMJIM CANADA 1993

(5) N R I SABHA JALANDHAR CITY
AWARD OF DISTINCTION 2003

(6) AWARD FOR THE CONRIBUTION TO
PUNJABI LITERATURE 2007

(7) ਸ਼ੁਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ
FOR MA PUNJABI AS A TEXT BOOK

(8) ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ,
ਚਰਨ ਸਿੰਘ ਦੀਆਂ ਪੁਸਤਕਾਂ ਤੇ Ph.D. ਕੀਤੀ

(9) AWARD FOR OUTSTANDING CONTRIBUTION
TO THE PUNJABI POETRY FROM
INTERNATIONAL ASSOCIATION OF PUNJABI
AUTHORS & ARTISTS I.N.C. FOR 2011

(10) AWARD FOR OUTSTANDING CONTRIBUTION
TOWARDS PUNJABI LITERATURE FROM
CANADIAN INTERNATIONAL PUNJABI
SAHIT ACADEMY, CANADA, FOR 2011

# ਤਤਕਰਾ


1. ਰਿਸ਼ਤਾ
2. ਮੁੱਠ ਵਿਚ ਫੜੀ ਹਵਾ
3. ਮੈਂ ਤੇ ਉਹ
4. ਖ਼ੁਸ਼ੀ ਦੀ ਤਲਾਸ਼
5. ਸੂਰਜ ਤੇ ਅੱਗ
6. ਜਾਲੇ
7. ਬੁੱਕਲ
8. ਪਲਾਂ ਦੀ ਦਾਸਤਾਂ
9. ਘਰ
10. ਮੈਂ ਜਦ ਖਲੋਂਦਾਂ ਹਾਂ
11. ਚਿੜੀਆਂ
12. ਤੇਰਾ ਸਾਥ
13. ਪੈਰਾਂ ਵਾਲੀ ਸੜਕ
14. ਰਾਤ ਦਿਨ
15. ਗਤੀ ਰਹਿਤ ਰਾਹ ਤੇ ਸੜਕਾਂ
16. ਸਬੂਤੇ ਚੰਨ ਦੀ ਭਾਲ
17. ਸਫ਼ਰ ਤੇ ਸੰਕਲਪ
18. ਖੰਭ ਤੇ ਪ੍ਰਵਾਜ਼
19. ਚੁੱਪ ਦੇ ਬੋਲ
20. ਨੂਰ
21. ਦਿਲ ਵਿਚ ਤੂੰ ਵੱਸਦਾ
22. ਪਿੰਜਰਾ ਤੇ ਪੰਛੀ
23. ਆਪਣੇ ਜਿਹਾ

## ਰਿਸ਼ਤਾ

ਤੂੰ ਸ਼ਬਦ ਸੈਂ
ਮੈਂ ਅਰਥ ਸਾਂ
ਤੂੰ ਮੇਰੇ 'ਚ
ਮੈਂ ਤੇਰੇ 'ਚ ਸਮਾਇਆ
ਸਾਂ
ਫ਼ਿਰ ਵੀ
ਕਦੀ ਤੂੰ ਮੇਰੇ ਲਈ
ਪਰਾਇਆ ਸੈਂ
ਮੈਂ ਤੇਰੇ ਲਈ
ਪਰਾਇਆ ਸਾਂ

-0-

ਕਦੀ ਤੇਰੀ ਕੰਡ
ਮੇਰੀ ਕੰਡ ਵੱਲ ਸੀ
ਕਦੀ ਮੇਰੀ ਕੰਡ
ਤੇਰੀ ਕੰਡ ਵੱਲ ਸੀ
ਕਦੀ ਚਿਹਰੇ ਸਾਵੇਂ
ਚਿਹਰਾ ਸੀ
ਕੁਝ ਇਸ ਤਰ੍ਹਾਂ ਦਾ
ਝੂਠਾ ਤੇ ਸੱਚਾ ਰਿਸ਼ਤਾ
ਤੇਰਾ ਤੇ ਮੇਰਾ ਸੀ

-0-

ਮੈਂ
ਤੇਰੇ ਦਰਪਣ ਦੀ ਪਿੱਠ ਚੋਂ
ਆਪਣੇ ਨਕਸ਼
ਸਿਆਣ ਲੈਂਦਾ ਸਾਂ
ਤੂੰ ਮੇਰੇ
ਦਰਪਣ ਦੇ ਮੁੱਖ ਚੋਂ ਵੀ
ਕਈ ਵਾਰ
ਬੇ-ਪਹਿਚਾਣ ਰਹਿੰਦਾ ਸੈਂ
ਅਸੀਂ
ਇਕ ਦੂਜੇ ਵੱਲ
ਪੁੱਠੇ ਪੈਰੀਂ ਤੁਰਦੇ ਵੀ
ਇਕ ਦੂਜੇ 'ਚ ਉਤਰਦੇ ਸਾਂ
ਇਕ ਦੂਜੇ 'ਚ
ਸਿਮਟਦੇ ਸਾਂ
ਤੇਰੇ ਸੂਰਜ 'ਚ ਮੇਰੀ ਰਾਤ ਸੀ
ਮੇਰੀ ਰਾਤ 'ਚ
ਤੇਰਾ ਸਵੇਰਾ ਸੀ
ਕੁੱਝ ਇਸ ਤਰ੍ਹਾਂ ਦਾ
ਸੱਚਾ ਤੇ ਝੂਠਾ ਰਿਸ਼ਤਾ
ਤੇਰਾ ਤੇ ਮੇਰਾ ਸੀ

-0-

ਕਦੀ ਤੂੰ
ਮੇਰੇ ਆਉਣ ਦੇ ਦਾਅਵੇ ਤੇ
ਆਪਣੇ ਕਿਸੇ
ਸ਼ਾਸਤਰ ਦੀ ਜਿਲਦ ਦੀ
ਕੰਧ ਹੇਠ ਜਾ ਖਲੋਂਦਾ ਹੈਂ
ਮੈਨੂੰ ਉੱਡੀਕਦਾ ਹੈਂ
ਮੈਂ ਉਹ ਸ਼ਾਸਤਰ ਤੇ
ਤੈਨੂੰ ਭੁੱਲ ਜਾਂਦਾ ਹਾਂ
ਵਾਅਦਾ
ਵਿਸਰ ਜਾਂਦਾ ਹਾਂ

-0-

ਜਦ ਜਿਲਦ ਤੋਂ
ਬਾਹਰ ਮਿਲਦਾ ਹਾਂ
ਤਾਂ ਕਹਿੰਦਾ ਹਾਂ
ਤੇਰੇ ਸ਼ਾਸਤਰ ਦੀ ਸੌੜੀ
ਧਰਤ 'ਚ
ਮੈਂ ਸਮਾ ਨਹੀਂ ਸਕਦਾ
ਤੈਨੂੰ ਮਿਲਣ ਲਈ
ਆ ਨਹੀਂ ਸਕਦਾ
ਬਿੰਦੂ ਦਾ ਸੱਚ ਤੇਰਾ ਹੈ
ਦਾਇਰੇ ਦਾ ਸੱਚ ਮੇਰਾ ਹੈ

ਤੇਰੇ ਬਿੰਦੂ 'ਚ ਹੀ
ਮੇਰੇ ਦਾਇਰੇ ਦਾ ਅੰਕੁਰ ਹੈ
ਇਸ ਅੰਕੁਰ 'ਚ ਹੀ
ਮੇਰੇ ਸੱਚ ਦਾ ਡੇਰਾ ਹੈ
ਕੁੱਝ ਇਸ ਤਰ੍ਹਾਂ ਦਾ
ਸੱਚਾ ਤੇ ਝੂਠਾ ਰਿਸ਼ਤਾ
ਤੇਰਾ ਤੇ ਮੇਰਾ ਹੈ

-0-

ਤੂੰ ਸ਼ਬਦ ਸੈਂ
ਮੈਂ ਅਰਥ ਸਾਂ
ਤੂੰ ਮੇਰੇ 'ਚ
ਮੈਂ ਤੇਰੇ 'ਚ ਸਮਾਇਆ ਸਾਂ
ਫਿਰ ਵੀ
ਕਦੀ
ਤੂੰ ਮੇਰੇ ਲਈ ਪਰਾਇਆ ਸੈਂ
ਮੈਂ ਤੇਰੇ ਲਈ ਪਰਾਇਆ ਸਾਂ

-----

## ਮੁੱਠ 'ਚ ਫੜੀ ਹਵਾ

ਉਹ ਘਰ ਸੀ
ਤਾਂ ਕਦੀ ਵੀ ਨਾ
ਮੱਥੇ 'ਚ ਰੜਕਿਆ
ਉਹ ਜਦ
ਘਰ ਦੇ ਬੂਹੇ ਤੇ ਤਾਲਾ ਸੀ
ਤਾਂ
ਖੁੱਲ੍ਹਾ ਦਰ ਭੇੜ ਕੇ
ਬੜਾ ਹੀ ਰੋਇਆ

-0-

ਧੜ ਤੇ ਲੱਗਾ ਸਿਰ
ਚੌਗਿਰਦੇ ਘੁੰਮਿਆਂ
ਪਰ
ਉਹ ਤਾਂ ਕਿਤੇ ਵੀ ਨਹੀਂ ਸੀ
ਧਰਤੀ ਤੇ
ਉਸਦੇ ਪੈਰ ਸਨ
ਗੋਡੇ ਤੇ ਸਿਰ
ਖਲਾਅ 'ਚ
ਪਤਾ ਨਹੀਂ
ਉਹ ਕਿਹੜੇ ਨਕਸ਼
ਫੜ ਰਿਹਾ ਸੀ

ਮੁੱਠ 'ਚ ਵਗਦੀ ਹਵਾ 'ਚ

-0-

ਕਈ ਵਾਰ
ਉਹ ਸਿਰ ਤੋਂ ਪੈਰਾਂ 'ਚ
ਨਿਕਲ
ਆਪਣੀ ਨਾਭੀ ਦੀ ਛਾਂ
ਹੇਠ ਆ ਬਹਿੰਦਾ
ਨਾੜੂ ਰਾਹੀਂ ਕਤਰਾ ਕਤਰਾ ਹੋ
ਆਪਣੇ
ਆਪ 'ਚ ਪ੍ਰਵੇਸ਼ਿਆ ਜਾਂਦਾ

-0-

ਉਹ ਹਰ ਸ਼ਾਮ ਡੁੱਬਦਾ
ਹਰ ਸੁਬ੍ਹਾ ਚੜ੍ਹਦਾ
ਤੇ ਆਪਣੇ ਅੰਗਾਂ ਨੂੰ
ਕਿੱਲ ਠੋਕ ਠੋਕ ਗਿਣਦਾ
ਮਾਂ ਦਾ ਤਰਲ ਚਿਹਰਾ
ਗਰਭ ਦਾ ਅਜ਼ਨਬੀਪਣ
ਬਾਪੂ ਦਾ ਠਰਦਾ ਕਾਮ
ਉਸਦਾ ਅਤੀਤ ਭਵਿੱਖ ਤੇ
ਵਰਤਮਾਨ ਹੋ ਗੁਜ਼ਰਦਾ

-0-

ਉਸਦਾ
ਚਿਹਰਾ ਤਿੜਕਦਾ
ਕੰਠ ਨੀਲਾ ਹੋ ਜਾਂਦਾ
ਤੇ ਬੁੱਢੀ ਸੜਕ ਤੇ
ਪਹਿਲੇ ਜਨਮ ਵਾਂਗ
ਉਹ ਫਿਰ ਇਕ ਵਾਰ
ਗਾਲ ਬਣਕੇ ਉੱਗਦਾ

-0-

ਉਹ ਘਰ ਸੀ
ਤਾਂ ਕਦੀ ਵੀ ਨਾ
ਮੱਥੇ 'ਚ ਰੜਕਿਆ
ਉਹ ਜਦ
ਘਰ ਦੇ ਬੂਹੇ ਤੇ ਤਾਲਾ ਸੀ
ਤਾਂ ਖੁੱਲ੍ਹਾ ਦਰ
ਭੇੜਕੇ ਬੜਾ ਹੀ ਰੋਇਆ

-----

## ਮੈਂ ਤੇ ਉਹ

ਉਹ
ਮੇਰੇ ਅੱਗੇ ਅੱਗੇ ਤੁਰਦਾ
ਜਾ ਰਿਹਾ ਸੀ
ਉਸਦੀ ਕੰਡ ਤੇ
ਇਕ ਪਿੰਡ ਦਾ ਚਿਹਰਾ
ਲਟਕ ਰਿਹਾ ਸੀ

-0-

ਮੈਂ
ਉਸਦੇ ਪਿੱਛੇ ਪਿੱਛੇ
ਜਾ ਰਿਹਾ ਸਾਂ
ਮੇਰੀ ਹਿਕ ਤੇ
ਇਕ ਸ਼ਹਿਰ ਲਟਕ ਰਿਹਾ
ਸੀ

-0-

ਅੱਗੇ ਜਾ ਰਿਹਾ
ਮਨੁੱਖ ਸੋਚਦਾ ਸੀ
ਕਿ ਮੇਰੀ ਹਿੱਕ ਚੋਂ
ਸ਼ਹਿਰ ਨਿਕਲ ਕੇ
ਉਸਦੀ ਕੰਡ ਤੇ ਚਿਪਕੇ
ਪਿੰਡ ਨੂੰ
ਨਿਗਲ ਨਾ ਜਾਏ

-0-

ਮੈਂ ਸੋਚਦਾ ਸਾਂ
ਪਿੰਡ ਉਸਦੀ ਪਿੱਠ
ਤਿਆਗ
ਮੇਰੇ ਸ਼ਹਿਰ ਦੀ
ਆਬੋ ਹਵਾ ਬਦਲ ਦੇਵੇਗਾ
ਤੇ ਸ਼ਹਿਰ
ਮੇਰੇ ਖ਼ਿਲਾਫ਼
ਸੜਕਾਂ ਬਾਜ਼ਾਰਾਂ ਗਲੀਆਂ
ਤੇ ਚੌਂਕ਼ਾਂ 'ਚ ਉਤਰ ਆਵੇਗਾ

-0-

ਉਸਦੀ ਕੰਡ ਚੋਂ ਪਿੰਡ
ਮੇਰੀ ਹਿੱਕ ਤੇ ਵਸਦੇ
ਸ਼ਹਿਰ ਵੱਲ ਭੱਜਿਆ
ਮੇਰੀ ਹਿੱਕ 'ਚ ਵਸਦਾ
ਸ਼ਹਿਰ
ਪਿੰਡ ਵੱਲ ਭੱਜਿਆ
ਸ਼ਹਿਰ ਪਿੰਡ 'ਚ ਰਲ ਗਿਆ
ਪਿੰਡ ਸ਼ਹਿਰ 'ਚ
ਸਿਮਟ ਗਿਆ
ਤੇ
ਇਕ ਸੰਤੁਲਨ ਨਗਰ ਦਾ
ਜਨਮ ਹੋਇਆ

-0-

ਸੰਤੁਲਨ ਨਗਰ ਜਨਮ ਕੇ
ਉਹ ਬਹੁਤ ਅੱਗੇ
ਨਿਕਲ ਗਿਆ
ਮੈਂ ਬਹੁਤ ਪਿੱਛੇ ਰਹਿ ਗਿਆ
ਤੇ
ਅਸੀਂ ਦੋਵੇਂ
ਇਕ ਦੂਜੇ ਨੂੰ ਦਿੱਸਣੋ ਹੱਟ ਗਏ

-0-

ਉਹ
ਮੇਰੇ ਅੱਗੇ ਅੱਗੇ ਤੁਰਦਾ
ਜਾ ਰਿਹਾ ਸੀ
ਉਸਦੀ ਕੰਡ ਤੇ
ਇਕ ਪਿੰਡ ਦਾ ਚਿਹਰਾ
ਲਟਕ ਰਿਹਾ ਸੀ

-----

## ਖ਼ੁਸ਼ੀ ਦੀ ਤਲਾਸ਼

ਮੈਂ
ਘਰ ਦੀਆਂ ਕੰਧਾਂ
ਛੱਤਾਂ ਨੂੰ ਪੁੱਛਿਆ
ਘਰ ਦੇ ਫ਼ਰਸ਼
ਚੌਂਕੇ ਚੁੱਲ੍ਹੇ ਨੂੰ ਪੁੱਛਿਆ

-0-

ਕਿਸੇ ਨੇ
ਵੇਖਿਆ ਹੈ ਉਸਨੂੰ
ਕਿਸੇ ਨੇ ਸੁਣਿਆ ਹੈ
ਉਸਨੂੰ

-0-

ਮੈਂ ਪੂਰੇ ਘਰ ਤੋਂ
ਪੁੱਛਿਆ
ਤੂੰ ਵੇਖਿਆ ਹੈ ਉਸਨੂੰ
ਤੂੰ ਸੁਣਿਆ ਹੈ ਉਸਨੂੰ

-0-

ਘਰ ਪੁੱਛਦਾ ਹੈ
ਸਾਈਂ
ਤੂੰ ਕੀ ਭਾਲ ਰਿਹਾ ਹੈਂ

ਮੈਂ
ਬੋਲਿਆ
ਮੈਂ ਖ਼ੁਸ਼ੀ ਭਾਲ ਰਿਹਾ ਹਾਂ
ਜੋ ਗੁਆਚ ਗਈ ਹੈ

-0-

ਮੈਂ
ਘਰ ਦੇ ਦਰਵਾਜ਼ੇ
ਨੂੰ ਪੁੱਛਿਆ
ਦਰਵਾਜ਼ਾ ਬੋਲਿਆ
ਸਾਈਂ
ਮੈਂ ਤਾਂ ਰਾਤ ਦਾ
ਅੰਦਰੋਂ ਬੰਦ ਹਾਂ

-----

## ਸੂਰਜ ਤੇ ਅੱਗ

ਮੇਰੇ ਅਕਾਸ਼ ਤੇ ਸੂਰਜ
ਬਲਦਾ ਹੈ
ਤੇਰੀ ਧਰਤੀ 'ਚ
ਅੱਗ ਦੀ ਨਦੀ ਵੱਗਦੀ ਹੈ

-0-

ਮੈਂ ਆਪਣੇ ਸੂਰਜ 'ਚ
ਰਿੱਝਦਾ ਉਬਲਦਾ ਹਾਂ
ਚੰਨ ਭਾਲਦਾ ਹਾਂ
ਆਪਣੇ ਅੰਦਰੋਂ ਬਾਹਰ
ਨਿਕਲ ਆਇਆ ਹਾਂ
ਆਪਣੇ ਅੰਦਰ
ਹਰਿਆਵਲ ਉਤਾਰਦਾ
ਆਪਣਾ ਸੂਰਜ ਠਾਰਦਾ
ਆਪਣੀ ਪਿਆਸ
ਬੁਝਾਉਂਦਾ
ਅੱਕ ਗਿਆ ਹਾਂ
ਥੱਕ ਗਿਆ ਹਾਂ
ਨਾ ਚੰਨ ਹੀ ਲੱਭਾ
ਨਾ ਹਰਿਆਵਲ ਹੀ
ਡਿੱਠੀ
ਨਾ ਅੱਗ ਹੀ ਬੁੱਝੀ

ਨਾ ਪਿਆਸ ਹੀ ਮਿਟੀ
ਥੱਕ ਹਾਰ ਕੇ
ਮੈਂ ਫਿਰ ਆਪਣੇ ਆਪ 'ਚ
ਹੀ ਪਰਤ ਆਇਆ ਹਾਂ

-0-

ਤੂੰ ਆਪਣੀ ਅੱਗਣ ਲਈ
ਚਾਂਦਨੀ ਦੇ ਘੁੱਟ ਲਈ
ਗਗਨ 'ਚ ਉਤਰੀ
ਨਾ ਤੇਰੀ ਪਿਆਸ ਲਈ
ਗਗਨ 'ਚ
ਕੋਈ ਚਾਂਦਨੀ ਦਾ ਸਰੋਵਰ ਸੀ
ਨਾ ਤੇਰੇ ਹੱਥ ਹੀ
ਏਨੇ ਲੰਬੇ ਸਨ
ਕਿ ਚੰਨ ਫੜ ਸਕਦੀ
ਆਪਣੀ
ਧੁੰਨੀ 'ਚ ਧਰ ਸਕਦੀ
ਨਾ ਤੇਰੀ ਅੱਗ ਹੀ
ਬੁੱਝੀ
ਨਾ ਤੇਰੀ ਦੇਹ ਹੀ ਠਰੀ
ਤੂੰ ਆਪਣੀ ਧਰਤੀ 'ਤੇ
ਫਿਰ ਅੱਗ ਦੀ ਨਦੀ
ਬਣਕੇ ਵਗੀ

-0-

ਸੋਚਿਆ ਨਾ
ਮੇਰਾ ਬਲਦਾ ਸੂਰਜ
ਤੇਰੀ ਅੱਗ ਦੀ ਨਦੀ
ਤਰ ਕੇ
ਠਰ ਸਕਦਾ ਸੀ
ਤੇਰੀ ਅੱਗ ਦੀ ਨਦੀ 'ਚ
ਰੁੜ੍ਹਿਆ ਚੰਨ ਫੜ
ਸਕਦਾ ਸੀ

-0-

ਤੂੰ ਵੀ ਅਣਜਾਣ ਸੈਂ
ਕਿ ਤੇਰੀ ਅੱਗ ਦੀ
ਨਦੀ
ਮੇਰੇ ਬਲਦੇ ਸੂਰਜ 'ਚ
ਉਤਰ ਕੇ
ਠਰ ਸਕਦੀ ਸੀ
ਮੇਰੇ ਸੂਰਜ 'ਚ ਘੁਲੀ
ਚਾਂਦਨੀ ਫੜ ਸਕਦੀ ਸੀ

-0-

ਤੂੰ ਜਾਣਿਆ
ਤਾਂ ਤੂੰ ਮੇਰੇ ਦਰ ਤੇ ਆ ਗਈ
ਮੈਂ ਤੇਰੇ ਦਰ ਤੇ ਆ ਗਿਆ
ਤੇਰੀ ਨਦੀ

ਮੇਰੇ ਸੂਰਜ 'ਚ ਸਮਾ
ਗਈ
ਮੇਰਾ ਸੂਰਜ
ਤੇਰੀ ਨਦੀ 'ਚ ਸਮਾ
ਗਿਆ
ਤੂੰ ਆਪਣੀ ਚਾਂਦਨੀ
ਤੱਕ ਅੱਪੜੀ
ਮੈਂ ਆਪਣਾ ਚੰਨ ਪਾ
ਗਿਆ

-0-

ਮੇਰੇ
ਅਕਾਸ਼ ਤੇ ਸੂਰਜ
ਬਲਦਾ ਹੈ
ਤੇਰੀ ਧਰਤ 'ਚ
ਅੱਗ ਦੀ ਨਦੀ ਵਗਦੀ ਹੈ

-----

## ਜਾਲੇ

ਤੂੰ
ਆਪਣੇ ਅੰਦਰ ਫੈਲਦੇ
ਜਾ ਰਹੇ ਜਾਲਿਆਂ ਨੂੰ
ਤੱਕ
ਅੱਖਾਂ ਨਾ ਮੀਚ
ਜਾਲੇ ਤੇਰਾ ਵਜ਼ੂਦ ਢੱਕ
ਲੈਣਗੇ
ਤੇਰੇ ਚਿਹਰੇ ਤੇ
ਜਾਲੇ ਹੀ ਜਾਲੇ ਨਜ਼ਰ
ਆਉਣਗੇ

-0-

ਜਾਲੇ
ਜਦ ਫੁੱਲ ਕਲੀਆਂ ਨੂੰ
ਘੇਰ ਲੈਂਦੇ ਹਨ
ਨਾ ਫੁੱਲ ਖਿੜਦੇ ਹਨ
ਨਾ ਕਲੀਆਂ
ਮਹਿਕਦੀਆਂ ਹਨ
ਜਾਲੇ
ਜਦ ਰੁੱਤਾਂ ਮੌਸਮਾਂ ਦੁਆਲੇ
ਬੁਣੇ ਜਾਂਦੇ ਹਨ

ਤਾਂ ਗੁਲਜ਼ਾਰ 'ਚ
ਪਤਝੜਾਂ ਉਜਾੜਾਂ ਤੇ
ਉਦਾਸੀਆਂ ਦੇ ਬੋਲ
ਗੂੰਜਦੇ ਹਨ
ਗੁਲਸ਼ਨ ਦੀ ਰੰਗਤ ਤੇ
ਖ਼ੁਸ਼ਬੂ ਹੂੰਝਦੇ ਹਨ
ਜਾਲੇ ਰੁੱਖਾਂ ਦੇ ਜੰਗਲਾਂ
ਦੇ ਜੰਗਲ ਮੁਕਾ ਜਾਦੇ ਹਨ
ਜਾਲੇ ਦਰਿਆਵਾਂ
ਨਦੀਆਂ ਦੇ ਪਿੰਡੇ ਸੁੱਕਾ
ਜਾਦੇ ਹਨ

-0-

ਜਾਂਲੇ
ਜਦ ਜੀਵਨ ਨੂੰ ਲੱਗਦੇ ਹਨ
ਜੀਵਨ ਦੀ ਗਤੀ
ਰੁੱਕਦੀ ਹੈ
ਜ਼ਿੰਦਗੀ
ਨਾ ਸੂਰਜ ਨਾ ਧੁੱਪ ਨਾ
ਹਵਾ ਲੱਗਦੀ ਹੈ
ਜ਼ਿੰਦਗੀ
ਮੌਤ 'ਚ ਢਲਦੀ ਹੈ

ਖ਼ੁਸ਼ੀਆਂ ਖ਼ੁਸ਼ਹਾਲੀਆਂ
ਤੇ ਰੌਣਕਾਂ ਦੇ ਚਿਹਰੇ
ਜ਼ਰਦ ਹੁੰਦੇ ਹਨ
ਮੱਘਦੇ ਸੂਰਜਾਂ ਦੇ ਪਿੰਡੇ
ਸਰਦ ਹੁੰਦੇ ਹਨ
ਜਾਲੇ ਜਿਉਂਦੀ ਜ਼ਿੰਦਗੀ
ਖੰਡਰ ਹੋ ਜਾਂਦੀ ਹੈ
ਸ਼ਮਸ਼ਾਨ ਦੀ ਧਰਤ
ਕਬਰਾਂ ਦਾ ਅੰਬਰ ਹੋ ਜਾਂਦੀ
ਹੈ

-0-

ਤੂੰ
ਆਪਣੇ ਘਰ ਦੇ ਜਾਲੇ ਤਾਂ
ਉਤਾਰ ਲਏ ਹਨ
ਪਰ
ਆਪਣੇ ਅੰਦਰਲੇ ਜਾਲਿਆਂ
ਬਾਰੇ
ਕੁੱਝ ਨਹੀਂ ਸੋਚਿਆ
ਘਰਾਂ ਦੇ ਜਾਲੇ
ਘਰਾਂ ਦੀਆਂ ਕੰਧਾਂ ਛੱਤਾਂ ਤੇ
ਨੁੱਕਰਾਂ ਨੂੰ ਲੱਗਦੇ ਹਨ
ਘਰ ਦੇ
ਅੰਦਰ ਰਹਿੰਦੇ ਹਨ

ਘਰ ਦੀ ਸਰਦਲ ਨਹੀਂ
ਟੱਪਦੇ

–0–

ਆਪਣੇ ਅੰਦਰ ਦੇ
ਜਾਲੇ
ਅੰਦਰ ਲੱਗਦੇ ਹਨ
ਅੰਦਰੋਂ ਬਾਹਰ ਵੱਲ
ਤੁਰਦੇ ਹਨ
ਮਨੁੱਖ ਦਾ ਅੰਦਰਲਾ ਤੇ
ਬਾਹਰਲਾ ਸੱਚ
ਢੱਕ ਲੈਂਦੇ ਹਨ
ਆਪਣਾ ਆਪ
ਮਨੁੱਖ ਦੁਆਲੇ ਉਸਾਰ
ਦਿੰਦੇ ਹਨ
ਮਨੁੱਖ ਨੂੰ ਅੰਦਰਲੇ
ਹਨ੍ਹੇਰੇ
ਤੇ ਬਾਹਰਲੀ ਇਕੱਲਤਾ 'ਚ
ਉਤਾਰ ਦਿੰਦੇ ਹਨ
ਮਨੁੱਖ ਦੀਆਂ
ਨਜ਼ਰਾਂ ਰਾਹੀਂ ਦਿਲ 'ਚ
ਉਤਰਨ ਦਾ ਰਾਹ ਬੰਦ ਕਰਦੇ
ਹਨ

–0–

ਮਨੁੱਖ ਜਾਲਿਆਂ ਥਾਣੀਂ
ਜੋ ਕੁੱਝ ਵੀ ਵੇਖਦਾ ਹੈ
ਸਿਆਣ ਨਹੀਂ ਸਕਦਾ
ਪਹਿਚਾਣ ਨਹੀਂ ਸਕਦਾ
ਮਨੁੱਖ ਦੀ ਅੱਖ ਤੇ
ਤੱਕਣ ਸਮੱਗਰੀ ਵਿਚਾਲੇ
ਜਾਲਿਆਂ ਦਾ ਪਰਦਾ
ਹੁੰਦਾ ਹੈ
ਮਨੁੱਖ
ਆਪਣੀਆਂ ਨਜ਼ਰਾਂ ਰਾਹੀਂ
ਬਾਹਰਲਾ ਸੱਚ
ਆਪਣੇ ਅੰਦਰ ਉਤਾਰ
ਨਹੀਂ ਸਕਦਾ
ਮਨੁੱਖ ਸੂਰਜ ਦੀ ਰੌਸ਼ਨੀ
ਹਵਾ ਦਿਨ ਰਾਤ ਨਾਲੋਂ
ਟੁੱਟ ਜਾਂਦਾ ਹੈ
ਜਾਲਿਆਂ 'ਚ
ਘਿਰਿਆ ਮਨੁੱਖ
ਆਪਣੇ ਆਪ 'ਚ ਹੀ
ਮੁੱਕ ਜਾਦਾ ਹੈ

-0-

ਬਾਹਰਲੇ ਸੱਚ ਨਾਲੋਂ ਟੁੱਟਣਾ

ਆਪਣੇ ਆਪ 'ਚ
ਕਬਰਾਂ ਦੀ ਖ਼ਾਮੋਸ਼ੀ ਤੇ
ਉਜਾੜਾਂ ਬੀਜਣ ਬਰਾਬਰ
ਹੈ
ਧੁੱਪ ਰੌਸ਼ਨੀ ਤੋਂ ਬਿਨਾ
ਜੋ ਬੂਟੇ ਕਮਰਿਆਂ 'ਚ
ਉੱਗਦੇ ਹਨ
ਨਾ ਉਹ ਪੁੰਗਰਦੇ ਹਨ
ਨਾ ਫੈਲਦੇ ਹਨ ਨਾ ਵਧਦੇ
ਫੁੱਲਦੇ ਹਨ
ਕੁਮਲਾ ਜਾਂਦੇ ਹਨ
ਮੁਰਝਾ ਜਾਂਦੇ ਹਨ
ਅੰਦਰ ਤੋਂ ਬਾਹਰ
ਬਾਹਰ ਤੋਂ ਅੰਦਰ ਵੱਲ
ਤੁਰਦੀ ਰੌਸ਼ਨੀ
ਜੀਵਨ ਸਿਰਜਦੀ ਹੈ
ਜੀਵਨ ਵਿਸਥਾਰਦੀ ਹੈ
ਜੀਵਨ 'ਚ ਉਤਰਦੀ ਹੈ
ਜੀਵਨ ਆਪਣੇ 'ਚ
ਉਤਾਰਦੀ ਹੈ

-0-

ਜਾਲੇ ਲੱਗਿਆਂ ਘਰਾਂ 'ਚ

ਕੀੜਿਆਂ ਮਕੌੜਿਆਂ ਤੇ
ਕਾਿਡਆਂ ਤੋਂ ਸਿਵਾ
ਕੋਈ ਹੋਰ ਨਹੀਂ ਰਹਿੰਦਾ
ਤੂੰ ਵੀ
ਆਪਣੀ ਦੇਹ ਨੂੰ
ਜਾਲਿਆਂ ਦਾ ਵਜੂਦ ਨਾ
ਬਣਾ
ਕਿ ਤੇਰੇ ਦਿਲ 'ਚ
ਕੋਈ ਨਾ ਉਤਰੇ
ਤੇਰੇ ਸਾਹਾਂ 'ਚ
ਕੋਈ ਨਾ ਮਘੇ
ਤੇਰਿਆਂ ਨੈਣਾਂ 'ਚ
ਕੋਈ ਨਾ ਝਾਕੇ
ਇਥੋਂ ਤਕ ਕਿ ਤੇਰਾ
ਆਪਣਾ ਹੀ ਸਾਇਆ
ਤੇਰੇ 'ਚ ਪਰਤਣ ਲਈ
ਤੇਰੀ ਦੇਹ ਦੀ ਸਰਦਲ ਤੇ ਹੀ
ਦਮ ਤੋੜ ਜਾਏ

-----

## ਬੁੱਕਲ

ਬੁੱਕਲ ਉਤਾਰ
ਸਾਨੂੰ ਖਿਲਾਰ
ਅਸੀਂ ਧਰਤੀ ਨੂੰ ਕੱਛੀਏ
ਅੰਬਰ ਤੇ ਉੱਡੀਏ
ਪਹਾੜਾਂ ਜੰਗਲਾਂ 'ਚ
ਵਸੀਏ
ਸਮੁੰਦਰ ਨੂੰ ਤਰੀਏ
ਮਰਨ ਤੋਂ ਪਹਿਲਾਂ
ਅਸੀਂ ਕੁੱਝ ਤਾਂ ਕਰੀਏ

-0-

ਬੁੱਕਲ 'ਚ
ਅਸੀਂ ਤੁਰਨਾ ਤਰਨਾ
ਉੱਡਣਾ ਭੁੱਲ ਗਏ ਹਾਂ
ਆਪਣੇ ਆਪ ਚੋਂ
ਮੱਨਫ਼ੀ ਹੋ ਗਏ ਹਾਂ
ਸਾਡੇ 'ਚ ਆਸ ਤਾਂ ਹੈ
ਪਰ ਸ਼ਕਤੀ ਨਹੀਂ
ਅਸੀਂ ਬੈਠੇ ਹਾਂ ਤਾਂ
ਮੰਜ਼ਿਲ ਹੈ
ਤੁਰਦੇ ਹਾਂ ਤਾਂ
ਦਿਸ਼ਾਹੀਣ ਹਾਂ
ਰਾਹ ਕੋਈ ਨਹੀਂ

ਸਾਡੀ
ਦ੍ਰਿਸ਼ਟੀ 'ਚ ਹਨ੍ਹੇਰੇ ਹਨ
ਸਾਡੇ ਸੂਰਜ ਕਾਲੇ ਹਨ
ਸਾਡੇ ਗੁੰਮ ਸਵੇਰੇ ਹਨ

-0-

ਸਾਨੂੰ ਦਿਸ਼ਾਹੀਣ ਰਾਹ ਤੇ
ਸ਼ਕਤੀ ਦੀ ਲੋੜ ਹੈ
ਜੋ ਅਸੀਂ ਆਪਣੇ ਚੋਂ
ਜਗਾਵਾਂਗੇ
ਤੇ ਬੁੱਕਲ ਦੇ ਜਾਲ ਤੋਂ
ਹੋ ਆਜ਼ਾਦ ਜਾਵਾਂਗੇ
ਸਾਨੂੰ
ਆਜ਼ਾਦ ਕਰ
ਅਸੀਂ ਪ੍ਰਵਾਜ਼ ਭਰੀਏ
ਦਿੱਸਹਦਿਆਂ ਤੋਂ ਅਗੇਰੇ ਦਾ
ਸਫ਼ਰ ਕਰੀਏ
ਕੁਦਰਤ 'ਚ ਰਲੀਏ
ਕੁਦਰਤ ਆਪਣੇ ਸਾਹਾਂ 'ਚ
ਭਰੀਏ
ਸ਼ਾਇਦ
ਸਾਨੂੰ ਆਪਣੀ ਪਹਿਚਾਣ
ਮਿਲ ਸਕੇ
ਆਪਣੀ ਧਰਤੀ

ਆਪਣਾ ਆਸਮਾਨ
ਮਿਲ ਸਕੇ

-0-

ਤੇਰੀ ਬੁੱਕਲ ਹੀ
ਸਾਡਾ ਅੰਤ ਨਹੀਂ
ਬੁੱਕਲ ਉਤਾਰ
ਅਸੀਂ ਆਪਣੇ ਆਦਿ
ਵੱਲ ਮੁੜੀਏ
ਅੰਬਰ ਦੀ ਅੱਖ 'ਚ
ਵੇਖੀਏ
ਹਵਾ ਦੀ ਗਤੀ 'ਚ ਗਿੜੀਏ
ਬੂੰਦ ਬੂੰਦ ਪੱਤੇ ਪੱਤੇ ਦਾ
ਸਫ਼ਰ ਕਰੀਏ
ਕੁਦਰਤ ਦੀ ਕੁੱਖ਼ 'ਚ
ਪਰਤ ਜਾਈਏ
ਜੋ ਕੁੱਖ਼ ਵੀਰਯ ਤੋਂ
ਦੇਹ ਤੱਕ ਦਾ
ਸਾਡਾ ਢਲਣ ਸਥਾਨ ਹੈ
ਕੁੱਖ਼
ਜੋ ਕਰਤੇ ਦੀ ਦਰਗਾਹ ਦਾ
ਮਾਣ ਹੈ
ਜਿਸ ਚੋਂ

ਅਸੀਂ ਆਪਣੇ ਸਵੈ ਦਾ
ਸੱਚ ਪਹਿਚਾਣ ਸਕਦੇ ਹਾਂ
ਆਪਣੀ ਹੋਂਦ ਜਾਣ ਸਕਦੇ ਹਾਂ

-0-

ਆਪਣੇ ਵਿਚਲੇ ਅੰਸ਼ ਦਾ
ਚਿਹਰਾ ਵੇਖ ਸਕਦੇ ਹਾਂ
ਜੀਵਨ ਦਾ ਸਫ਼ਰ
ਆਦਿ ਤੇ ਅੰਤ ਜਾਣ
ਸਕਦੇ ਹਾਂ
ਆਪਣੀ
ਸੁਤੰਤਰ ਹੋਂਦ ਜੀਅ ਸਕਦੇ
ਹਾਂ
ਸੂਰਜ ਜਨਮ ਸਕਦੇ ਹਾਂ
ਹਨ੍ਹੇਰੇ ਪੀ ਸਕਦੇ ਹਾਂ

-0-

ਤੇਰੀ ਬੁੱਕਲ 'ਚ
ਸਾਡਾ ਦਮ ਘੁੱਟਦਾ ਹੈ
ਸਾਡਾ
ਜਿਸਮ ਟੁੱਟਦਾ ਹੈ
ਸਾਡਾ ਲਹੂ ਸੁੱਕਦਾ ਹੈ
ਸਾਡਾ ਵਿਸ਼ਵਾਸ
ਸਾਡੇ ਪੈਰਾਂ 'ਚ ਉਤਰ
ਆਇਆ ਹੈ

ਸਾਡੇ ਪ੍ਰਵਾਜ਼ ਨੂੰ
ਖੰਭ ਨਜ਼ਰ ਆਏ ਹਨ
ਸਾਡੀ ਚੁੱਪ ਟੁੱਟੀ ਹੈ
ਸਾਡੀ ਇਕੱਲਤਾ ਜਾਗੀ
ਹੈ
ਸਾਡੇ ਪੈਰਾਂ 'ਚ
ਗਈ ਗਤੀ ਦਾਗ਼ੀ ਹੈ

-0-

ਬੁੱਕਲ ਉਤਾਰ
ਨਹੀਂ ਤਾਂ ਅਸੀਂ ਬੁੱਕਲ
ਪਾੜ ਦੇਵਾਂਗੇ
ਲੱਖਾਂ ਸੂਰਜਾਂ ਦਾ ਚਾਨਣ
ਤੇ ਗਤੀਆਂ
ਬੁੱਕਲ 'ਚ ਉਤਾਰ ਦੇਵ੍ਹਾਂਗੇ
ਜੋ ਦੀਵੇ
ਆਦਿ 'ਚ ਪਰਤਣ ਤੇ
ਸੁਤੰਤਰ ਹੋਂਦ ਲਈ
ਸਾਡੀ ਚੇਤਨਾ ਨੇ
ਸਾਡੇ ਮਸਤਕ 'ਚ ਬਾਲੇ ਹਨ
ਉਹ ਸਦਾ ਹੀ
ਜਗਦੇ ਰਹਿਣਗੇ
ਗੁਲਾਮੀ ਦੀ ਸ਼ਮਾਂ ਤੇ
ਇਹ ਪ੍ਰਵਾਨੇ

ਸਦਾ ਹੀ ਸੜਦੇ ਰਹਿਣਗੇ
ਜਦ ਤਕ ਸ਼ਮਾਂ ਬੁੱਝਾ
ਨਹੀਂ ਜਾਂਦੇ
ਤੇਰੀ ਬੁੱਕਲ ਤੋਂ
ਆਜ਼ਾਦੀ ਪਾ ਨਹੀਂ
ਜਾਂਦੇ

-0-

ਇਹ ਬੁੱਲੇ
ਉਜਾਲਿਆਂ ਦੀ ਮੰਜ਼ਿਲ ਦੇ
ਦਰਿਆਵਾਂ ਵਾਂਗ
ਵਗਦੇ ਰਹਿਣਗੇ
ਇਹ ਬੁੱਕਲ ਤੇ ਆਪਣਾ
ਸੱਚ ਜਾਣ ਗਏ ਹਨ
ਤੇਰੀ ਬੁੱਕਲ ਦਾ ਚਿਹਰਾ
ਪਹਿਚਾਣ ਗਏ ਹਨ
ਇਹ ਵੇਲਾ ਹੈ
ਸਾਡੇ ਲਈ
ਬੁੱਕਲ ਤਿਆਗਣ ਦਾ
ਤੈਨੂੰ ਜਗਾਵਣ ਦਾ ਤੇ
ਖ਼ੁਦ ਜਾਗਣ ਦਾ

----

## ਪਲਾਂ ਦੀ ਦਾਸਤਾਂ

ਮੌਤ
ਜ਼ਿੰਦਗੀ ਨੂੰ
ਅਲਵਿਦਾ ਕਹਿਣ ਲਈ
ਮਨੁੱਖ ਨੂੰ
ਵਕਤ ਨਹੀਂ ਦਿੰਦੀ
ਜ਼ਿੰਦਗੀ
ਮੌਤ ਨੂੰ ਜੀ ਆਇਆਂ
ਕਹਿਣ ਲਈ
ਆਪਣੇ ਸੁਭਾਅ ਤੇ ਵਕਤ
ਦੀ ਮੁਥਾਜ਼ ਹੈ

-0-

ਜੀ ਆਇਆਂ
ਤੇ
ਅਲਵਿਦਾ
ਇਕੋ ਸਮੇਂ
ਜੀਵਨ ਦਾ ਅਹਿਸਾਸ ਹੈ
ਪਰ ਅਫ਼ਸੋਸ
ਮਹਿਸੂਸ ਕਰਨ ਵਾਲਾ
ਮਨੁੱਖ
ਇਸ ਚੋਂ ਮਨਫ਼ੀ ਹੈ

-0-

ਮੌਤ ਤੇ ਜ਼ਿੰਦਗੀ ਦੇ

ਅੰਕੁਰ ਦਾ ਅਹਿਸਾਸ
ਮਾਨਵ ਨੂੰ ਵੀ ਨਹੀਂ
ਬੁੱਤ ਤੇ ਮੰਦਰ ਨੂੰ ਵੀ ਨਹੀਂ
ਸ਼ਹਿਰ ਨੂੰ ਵੀ ਨਹੀਂ
ਖੰਡਰ ਨੂੰ ਵੀ ਨਹੀਂ

-0-

ਹਨ੍ਹੇਰੀ ਆਉਂਦੀ ਹੈ
ਰੁੱਖਾਂ ਤੋਂ ਟਾਹਣ ਟੁੱਟਦੇ ਹਨ
ਅਲੱਗ ਹੋਣ ਦਾ
ਅਹਿਸਾਸ
ਰੁੱਖ ਨੂੰ ਵੀ ਹੈ ਟਾਹਣ ਨੂੰ ਵੀ ਹੈ
ਹਨ੍ਹੇਰੀ ਨੂੰ ਵੀ ਹੈ
ਪਰ ਮਨੁੱਖੀ ਰੁੱਖ
ਜਦ ਤਿੜਕਦਾ ਹੈ ਟੁੱਟਦਾ ਹੈ
ਤਾਂ ਇਸਦਾ ਅਹਿਸਾਸ
ਨਾ ਮਨੁੱਖ ਨੂੰ ਨਾ ਜੀਵਨ ਨੂੰ
ਨਾ ਮੌਤ ਨੂੰ ਹੈ
ਜੀਵਨ
ਮਨੁੱਖੀ ਕ੍ਰਿਆ ਪ੍ਰਕਿਰਿਆ
ਦਾ ਸਿੱਟਾ ਹੈ
ਮੌਤ ਦੇਹ ਦੀ ਕਾਰਜ ਪ੍ਰਣਾਲੀ
ਰੁਕਣ ਦਾ ਨਾਂ ਹੈ

-0-

ਮਨੁੱਖ
ਵਿਚਲੀ ਲੋਅ ਨੂੰ
ਜਨਮ ਮਰਨ ਦਾ ਅਹਿਸਾਸ
ਤੇ ਗਿਆਨ ਹੈ
ਅਹਿਸਾਸ ਲੋਅ ਦੀ ਕੈਦ ਹੈ
ਗਿਆਨ ਲੋਅ ਦੀ ਸੁਤੰਤਰਤਾ ਹੈ
ਜਿਸ ਤਰ੍ਹਾਂ ਪਿੰਜਰਾਂ ਹੈ
ਪੰਛੀ ਕਰਕੇ
ਪਿੰਜਰੇ ਦੀ ਹੋਂਦ ਹੈ
ਪਿੰਜਰਾ ਪੰਛੀ ਕਰਕੇ ਹੀ
ਚੇਤਨ ਤੇ ਅਨੁਭਵੀ ਹੈ
ਪੰਛੀ
ਨਹੀਂ
ਤਾਂ ਪਿੰਜਰਾ ਚੇਤਨਹੀਣ ਹੈ
ਅਨੁਭਵ ਰਹਿਤ ਹੈ

-0-

ਮੌਤ ਜ਼ਿੰਦਗੀ ਨੂੰ
ਅਲਵਿਦਾ ਕਹਿਣ ਲਈ
ਮਨੁੱਖ ਨੂੰ ਵਕਤ ਨਹੀਂ ਦਿੰਦੀ
ਜ਼ਿੰਦਗੀ ਮੌਤ ਨੂੰ
ਜੀ ਆਇਆਂ ਕਹਿਣ ਲਈ
ਆਪਣੇ ਸੁਭਾਅ ਤੇ ਵਕਤ ਦੀ
ਮੁਥਾਜ਼ ਹੈ

-----

## ਘਰ

ਮੈਂ ਜਦੋਂ ਘਰੋਂ ਬਾਹਰ ਜਾਂਦਾ ਹਾਂ
ਮੇਰੇ ਘਰ ਦਾ ਬੂਹਾ
ਸਾਵੇਂ ਆ ਖਲੋਂਦਾ ਹੈ
ਆਖਦਾ ਹੈ
ਵਾਪਸ ਕਦ ਪਰਤੋਗੇ
ਤੁਹਾਡੇ ਜਾਣ ਪਿਛੋਂ
ਕੰਧਾਂ ਅੱਥਰੂ ਕੇਰਦੀਆਂ
ਹਨ
ਵਿਹੜਾ ਬੁਲ੍ਹ ਟੇਰ੍ਹਦਾ ਹੈ
ਛੱਤ ਚੁੱਪ ਧਾਰ ਲੈਂਦੀ ਹੈ
ਚੁੱਲ੍ਹਾ ਬਲਣ ਲਈ
ਤਰਸਦਾ ਹੈ
ਸਾਰੀ ਰਾਤ ਸਾਰਾ ਦਿਨ
ਠਰਦਾ ਹੈ
ਬਲਣ ਲਈ ਹੌਂਕੇ ਭਰਦਾ ਹੈ

-0-

ਮੈਂ
ਘਰ ਨੂੰ ਆਖਦਾ ਹਾਂ
ਮੈਂ ਸਫ਼ਰ 'ਚ ਹੁੰਦਿਆਂ ਵੀ
ਤੇਰੇ 'ਚ ਹੀ ਹੁੰਦਾ ਹਾਂ
ਬਾਹਰ ਵੀ

ਮੈਂ ਘਰ ਜਿਹਾ ਹੀ
ਨਿੱਘ ਭਾਲਦਾ ਹਾਂ
ਕੰਧਾਂ ਜਿਹੇ ਲੋਕ
ਤਲਾਸ਼ਦਾ ਹਾਂ
ਛੱਤ ਜਿਹਾ
ਆਸਰਾ ਚਾਹੁੰਦਾ ਹਾਂ
ਵਿਹੜੇ ਜਿਹਾ ਚਾਅ
ਤੇ ਬੂਹੇ ਜਿਹਾ
ਸੁਆਗਤ ਭਾਲਦਾ ਹਾਂ
ਆਪਣੇ ਹੱਡ ਬਾਲਦਾ ਹਾਂ
ਆਪਣੀ ਠੰਡ ਉਤਾਰਦਾ ਹਾਂ
ਜਦ ਕਦੀ
ਆਪਣੇ ਆਪ ਨੂੰ ਬਾਲਦਾ
ਹਾਂ
ਆਪਣੇ ਘਰ ਦਾ ਚੌਂਕਾ ਤੇ
ਚੁੱਲ੍ਹਾ ਲੱਗਦਾ ਹਾਂ
ਸੋਚਦਾ ਹਾਂ
ਕੋਈ ਮੇਰਾ ਦੋਸਤ
ਮੇਰਾ ਰਿਸ਼ਤੇਦਾਰ
ਮੇਰੇ ਘਰ ਵਾਂਗ
ਮੇਰੀ
ਇੰਤਜ਼ਾਰ ਕਰਦਾ ਹੋਵੇਗਾ

ਪ੍ਰਾਹੁਣਚਾਰੀ ਦੇ ਮੋਹ 'ਚ
ਘਰ ਦੇ ਬਿਸਤਰ ਵਾਂਗ
ਵਿਛਿਆ ਹੋਵੇਂਗਾ
ਆਪਣੇ ਸਾਹਾਂ ਦੀ
ਖ਼ੁਸ਼ਬੂ 'ਚ
ਮੈਨੂੰ ਵਸਾਏਂਗਾ
ਮੇਰੇ ਆਉਣ ਦੇ ਚਾਅ 'ਚ
ਆਪਾ ਭੁੱਲ ਜਾਏਂਗਾ
ਮੇਰੀ ਦੇਹ 'ਚ
ਪ੍ਰਾਣਾਂ ਵਾਂਗ ਉਤਰੇਂਗਾ
ਮੇਰੇ ਹਿੱਸੇ ਮਿਲਣ ਦੀ
ਖ਼ੁਸ਼ੀ ਆਏਗੀ
ਜੋ ਕੁੱਝ ਪਲਾਂ ਲਈ
ਮੈਨੂੰ ਮੇਰਾ ਘਰ ਭੁੱਲਾਏਗੀ

-0-

ਪਰ ਇੰਜ
ਕਦੀ ਨਹੀਂ ਹੋਇਆ
ਮੈਂ ਜਿੱਥੇ ਵੀ ਗਿਆ ਹਾਂ
ਜਾਂ ਤਾਂ
ਉਹ ਲੋਕ ਘਰ ਨਹੀਂ ਹੁੰਦੇ
ਜਾਂ ਮਕਾਨ ਵੇਚ ਕੇ
ਕਿੱਧਰੇ ਤੁਰ ਜਾਂਦੇ ਹਨ

ਖ਼ਾਲੀ ਘਰ
ਮੈਨੂੰ ਪਹਿਚਾਣਦਾ ਹੈ
ਕਿ ਮੈਂ
ਉਸਦੇ ਵਸਣ ਦਾ ਦੋਸਤ ਹਾਂ
ਜਾਂ ਰਿਸ਼ਤੇਦਾਰ ਹਾਂ
ਜੇ ਕੁੱਝ ਵੀ ਨਹੀਂ
ਤਾਂ ਇਕ ਇਨਸਾਨ ਹਾਂ

-0-

ਮੈਨੂੰ
ਵਾਪਸ ਮੁੜਦੇ ਨੂੰ ਵੇਖ
ਘਰ ਮੇਰੇ
ਪਿੱਛੇ ਦੌੜਦਾ ਹੈ
ਕੰਧਾਂ ਮੇਰੀਆਂ ਬਾਹਾਂ
ਫੜਦੀਆਂ ਹਨ
ਕੰਧਾਂ ਦੇ ਹੰਝੂਆਂ 'ਚ ਮੇਰੀਆਂ
ਯਾਦਾਂ ਵਸਦੀਆਂ ਹਨ
ਛੱਤ ਮੇਰੇ ਅੱਗੇ
ਦੀਵਾਰ ਬਣਕੇ ਖੜ੍ਹ ਜਾਂਦੀ ਹੈ
ਵਿਹੜਾ
ਮੇਰੇ ਪੈਰਾਂ 'ਚ ਪਸਰ ਜਾਂਦਾ ਹੈ
ਬੂਹੇ ਬਾਰੀਆਂ
ਮੇਰੇ ਗਲ ਨੂੰ ਚਿੰਮੜਦੇ ਹਨ

ਪਲਕਾਂ ਤੇ ਬਿਠਾਉਂਦੇ ਹਨ
ਮੈਨੂੰ
ਆਪਣੇ ਅੰਦਰ ਲੈ ਜਾਂਦੇ ਹਨ
ਕੋਰੀਆਂ ਚਾਦਰਾਂ
ਮੇਰੇ ਲਈ ਵਿਛਾਉਂਦੇ ਹਨ
ਰਸੋਈ ਦਾ ਚੁੱਲ੍ਹਾ ਬਲਦਾ ਹੈ
ਮੇਰੀ ਭੁੱਖ ਤੇ ਪਿਆਸ
ਸ਼ਾਂਤ ਕਰਦਾ ਹੈ

-0-

ਰਾਤ ਨੂੰ ਸੌਣ ਲੱਗਿਆਂ
ਘਰ
ਮੇਰੇ ਘਰ ਦਾ ਹਾਲ ਪੁੱਛਦਾ ਹੈ
ਕੰਧਾਂ ਦਾ ਦਰਦ
ਚੁੱਲ੍ਹੇ ਦਾ ਨਿੱਘ ਪੁੱਛਦਾ ਹੈ
ਛੱਤ ਦੀ ਤੰਦਰੁਸਤੀ
ਵਿਹੜੇ ਦੀ ਚਾਲ ਪੁੱਛਦਾ ਹੈ
ਬੂਹੇ ਬਾਰੀਆਂ ਦੀ
ਸੁੱਖ ਸਾਂਦ ਪੁੱਛਦਾ ਹੈ
ਘਰ
ਘਰ ਨੂੰ ਮਿਲਣ ਲਈ
ਤਰਸਦਾ ਹੈ

-0-

ਮੈਂ ਸੋਚਦਾ ਹਾਂ

ਹਰ ਘਰ ਇਕੋ ਜਿਹਾ ਹੈ
ਅਜ਼ਨਬੀ ਹੋ ਕੇ ਵੀ
ਇਕ ਦੂਜੇ ਨੂੰ ਪਹਿਚਾਣਦਾ
ਹੈ
ਇਕ ਦੂਜੇ ਦੀ ਨੁਹਾਰ ਹੈ
ਸਿਆਣ ਹੈ
ਇਕ ਦੂਜੇ ਨੂੰ ਮਿਲਣ ਦਾ
ਚਾਅ ਹੈ
ਘਰ ਲਈ
ਘਰ ਨੂੰ
ਵੇਖਣ ਦਾ ਉਤਸ਼ਾਹ ਹੈ

-0-

ਪਰ ਆਦਮੀ
ਇਕ ਦੂਜੇ ਨੂੰ ਪਹਿਚਾਣਦਾ
ਹੋਇਆ ਵੀ
ਅਜ਼ਨਬੀ ਹੈ
ਇਕ ਦੂਜੇ ਤੋਂ ਅਨਜਾਣ ਹੈ
ਇਕ ਦੂਜੇ ਤੋਂ ਦੂਰ ਹੈ
ਦੋਸਤ ਦੇ ਆਉਣ ਤੋਂ
ਪਹਿਲਾਂ ਹੀ
ਘਰ ਖ਼ਾਲੀ ਕਰ ਜਾਂਦਾ ਹੈ
ਜਾਂ ਵੇਚ ਕੇ ਤੁਰ ਜਾਂਦਾ ਹੈ

ਦੋਸਤੀ ਦਾ ਰਿਸ਼ਤ੍ਹਾ
ਰਿਸ਼ਤਿਆਂ ਦਾ ਕਲਬੂਤ
ਘਰ ਦੇ ਦਰਵਾਜ਼ੇ ਤੇ
ਟੰਗ ਜਾਂਦਾ ਹੈ
ਪਰ ਕਲਬੂਤ 'ਚ
ਦੋਸਤੀ ਦਾ ਅਹਿਸਾਸ
ਰਿਸ਼ਤਿਆਂ ਦਾ ਸੱਚ ਨਹੀਂ
ਹੁੰਦਾ .

-0-

ਮੈਂ ਵਾਪਸ ਘਰ
ਪਰਤਦਾ ਹਾਂ
ਘਰ ਨੂੰ.ਆਪਣੇ ਸਫ਼ਰ
ਬਾਰੇ ਦੱਸਦਾ ਹਾਂ
ਘਰ ਮੇਰੇ ਵਿਛੋੜੇ 'ਚ
ਧਾਰੀ ਚੁੱਪ ਤੋੜਦਾ ਹੈ
ਬੋਲਦਾ ਹੈ
ਜਦੋਂ ਤੁਸੀਂ ਸਫ਼ਰ ਤੇ ਜਾਂਦੇ ਹੋ
ਤੁਹਾਡੇ ਪਿੱਛੋਂ
ਤੁਹਾਡੇ ਦੋਸਤ ਰਿਸ਼ਤੇਦਾਰ
ਆਉਂਦੇ ਹਨ
ਘਰ ਦੇ ਬੂਹੇ ਤੇ ਤਾਲਾ ਵੇਖ ਕੇ
ਪਰਤ ਜਾਂਦੇ ਹਨ

-----

## ਮੈਂ ਜਦ ਖਲੋਂਦਾ ਹਾਂ

ਮੈਂ
ਜਦ ਖਲੋਂਦਾ ਹਾਂ
ਮੇਰੇ ਚੋਂ ਰਾਹਾਂ
ਦਿਸ਼ਾਵਾਂ ਨਿਕਲਦੀਆਂ
ਹਨ
ਮੇਰੇ ਤੋਂ ਸ਼ੁਰੂ ਹੋ ਕੇ
ਮੇਰੇ ਤੇ ਹੀ ਮੁੱਕਦੀਆਂ
ਹਨ
ਸ਼ੁਰੂ ਹੋਣ ਤੋਂ ਮੁੱਕਣ
ਤਕ ਦਾ ਸਫ਼ਰ
ਜਿਉਂਦੀਆਂ ਹਨ

−0−

ਮੈਂ ਹਰ ਰਾਹ ਤੇ ਦਿਸ਼ਾ 'ਚ
ਸੂਰਜਾਂ ਚੰਨਾਂ
ਤਾਰਿਆਂ ਦੀ ਲੋਅ
ਧਰਦਾ ਹਾਂ
ਮਸਤਕ 'ਚ
ਚੇਤਨਾ ਦਾ ਜਗਦਾ
ਚਿਰਾਗ
ਧਰਦਾ ਹਾਂ

−0−

ਕ਼ਈ ਰਾਹਾਂ
ਕਈ ਦਿਸ਼ਾਵਾਂ
ਸ਼ੁਰੂ ਤੋਂ ਪਰ਼ਤਣ
ਤਕ ਦੇ ਸਫ਼ਰ 'ਚ .
ਆਪਣਾ ਆਪਾ ਗੁਆ
ਆਉਂਦੀਆਂ ਹਨ
ਆਪਣਾ ਵਜ਼ੂਦ ਤੇ
ਮੇਰੀ ਹਸਤੀ
ਮਿੱਟਾ ਆਉਂਦੀਆਂ ਹਨ
ਧਰਤੀ ਨੂੰ
ਸੂਰਜਾਂ ਦੀ ਪਿਉਂਦ
ਲਾ ਆਉਂਦੀਆਂ ਹਨ

-0-

ਕਈ
ਇਸ ਸਫ਼ਰ 'ਚ
ਆਪਾ ਮਿਟਾ ਕੇ ਜਗਦੀਆਂ
ਹਨ
ਸੂਰਜਾਂ ਵਾਂਗ
ਚੜ੍ਹਦੀਆਂ ਹਨ
ਕਿਰਨਾਂ ਵਾਂਗ ਪਸਰਦੀਆਂ
ਹਨ

ਧਰਤੀ ਦੇ ਜ਼ਰੇ ਜ਼ਰੇ 'ਚ
ਸੱਚ ਦੀ ਲੋਅ ਕਰਦੀਆਂ
ਹਨ
ਮਨੁੱਖਤਾ 'ਚ ਮਨੁੱਖ ਦੀ
ਮਨੁੱਖ 'ਚ ਮਨੁੱਖਤਾ ਦੀ
ਜੋਤ ਧਰਦੀਆਂ ਹਨ

-0-

ਮੈਨੂੰ ਦੋਵੇਂ ਹੀ ਅਜੀਜ਼ ਹਨ
ਪਹਿਲੀਆਂ
ਧਰਤੀ 'ਚ ਆਪਾ ਮਿਟਾ ਕੇ
ਸੂਰਜ ਬੀਜਦੀਆਂ ਹਨ
ਦੂਜੀਆਂ
ਸੂਰਜ ਉੱਗਾਉਂਦੀਆਂ ਹਨ
ਕਿਰਨਾਂ ਫੈਲਾਉਂਦੀਆਂ ਹਨ

-0-

ਤੀਜੀਆਂ
ਜਹੀਆਂ ਇਸ ਸਫ਼ਰ
'ਚ ਨਿਕਲਦੀਆਂ ਹਨ
ਤਹੀਆਂ ਹੀ

ਵਾਪਸ
ਮੁੜਦੀਆਂ ਹਨ
ਉਹ ਨਾ ਮਿਟਦੀਆਂ ਹਨ
ਨਾ ਦੁਨੀਆਂ 'ਚ
ਪਸੀਜਦੀਆਂ ਹਨ
ਨਾ ਦੁਨੀਆਂ ਦੀਆਂ
ਰੰਗੀਨੀਆਂ
ਨਾ ਦੁੱਖਾਂ ਸੁੱਖਾਂ 'ਚ
ਰੀਝਦੀਆਂ ਹਨ
ਉਹ ਕੰਵਲ ਵਾਂਗ
ਦੁਨੀਆਂ ਦਾ ਸਫ਼ਰ
ਕਰਦੀਆਂ ਹਨ
ਨਿਰਲੇਪ ਰਹਿੰਦੀਆਂ ਹਨ

-0-

ਉਹ ਮੇਰਾ
ਸਰੂਪ ਕਹਾਉਂਦੀਆਂ ਹਨ
ਮੇਰਾ ਸੱਚ ਕਹਾਉਂਦੀਆਂ ਹਨ
ਮੈਂ ਉਨ੍ਹਾਂ 'ਚ ਰਹਿੰਦਾ ਹਾਂ
ਉਹ ਮੇਰੇ 'ਚ ਰਹਿੰਦੀਆਂ ਹਨ
ਉਹ ਮੈਨੂੰ ਸਭ ਤੋਂ ਅਜੀਜ਼ ਹਨ
ਉਹ ਮੇਰੀਆਂ ਅੱਖਾਂ ਹਨ
ਮੇਰੀ ਦੀਦ ਹਨ

-----

## ਚਿੜੀਆਂ

ਮੇਰੇ
ਬੈਕ ਜਾਰਡ 'ਚ ਲੱਗੇ
ਰੁੱਖ ਤੇ
ਖਿਲੀ ਧੁੱਪ 'ਚ
ਇਕ ਚਿੜੀ ਆਣ
ਬਹਿੰਦੀ ਹੈ
ਚੀਕ ਚੀਕ ਕੇ
ਰੁੱਖ ਨੂੰ ਆਪਣਾ
ਆਪਣਾ ਕਹਿੰਦੀ ਹੈ

-0-

ਪਰ ਰੁੱਖ ਚੁੱਪ ਹੈ
ਬੋਲਦਾ ਨਹੀਂ
ਚਿੜੀ ਦੇ ਉੱਤਰ 'ਚ
ਆਪਾ ਖੋਲ੍ਹਦਾ ਨਹੀਂ

-0-

ਦੋ ਦਿਨ ਹੋਏ
ਉਹ ਚਿੜੀ ਨਹੀਂ ਆਈ
ਰੁੱਖ ਸਿਰ ਤੋਂ ਪੈਰਾਂ ਤੱਕ
ਅੱਥਰੂ ਅੱਥਰੂ ਹੋਇਆ

ਰੁੱਖ ਦਾ ਪੱਤਾ ਪੱਤਾ
ਟਹਿਣੀ ਟਹਿਣੀ
ਅੱਥਰੂਆਂ 'ਚ ਭਿੱਜਾ
ਚਿੜੀ ਦੇ ਵਿਯੋਗ 'ਚ
ਰੁੱਖ ਆਪਣੇ ਆਪ 'ਚ
ਤੜਫਿਆ ਉਬਲਿਆ
ਤੇ ਰਿੱਝਾ

-0-

ਹੰਝੂਆਂ 'ਚ ਡੁੱਬੇ
ਰੁੱਖ ਨੂੰ ਵੇਖ
ਮੈਂ ਪੁੱਛਿਆ
ਤੂੰ ਤਾਂ ਚਿੜੀ ਨੂੰ ਕਦੀ
ਨਹੀਂ ਦੱਸਿਆ
ਤੂੰ ਉਸਦਾ ਹੈਂ
ਹੁਣ ਉਸਦੇ ਵਿਯੋਗ
'ਚ
ਕਿਉਂ ਰੋਂਦਾ ਹੈਂ
ਕਿਉਂ ਉਦਾਸ ਲੱਗਦਾ ਹੈਂ

-0-

ਰੁੱਖ ਬੋਲਿਆ

ਮੈਂ ਜਦ ਧੁੱਪਾਂ 'ਚ
ਸੜਦਾ ਹਾਂ
ਬੋਲਦਾ ਹਾਂ
ਪਾਲੇ 'ਚ ਠਰਦਾ ਹਾਂ
ਬੋਲਦਾ ਹਾਂ
ਹਨ੍ਹੇਰੀ 'ਚ ਆਪਣਾ ਸ਼ੋਰ
ਪਾਉਂਦਾ ਹਾਂ
ਅਸਮਾਨ ਸਿਰ ਤੇ
ਉਠਾਉਂਦਾ ਹਾਂ
ਤੂੰ ਸੁਣਿਆ ਹੈ ਕਦੀ
ਮੇਰਾ ਸ਼ੋਰ ਮੇਰੇ ਬੋਲ
ਹਾਲਾਂ ਕਿ
ਮੈਂ ਤੇਰੀ ਨਜ਼ਰ 'ਚ
ਰਹਿੰਦਾ ਹਾਂ
ਤੂੰ ਮੇਰੇ ਹੇਠਾਂ ਉੱਠਦਾ
ਤੇ ਬਹਿੰਦਾ ਹੈਂ

-0-

ਉਹ ਚਿੜੀ
ਮੇਰੀ ਚੁੱਪ ਸੁਣਦੀ ਸੀ
ਤਾਂ ਹੀ ਤਾਂ ਮੈਨੂੰ

ਆਪਣਾ ਆਪਣਾ
ਕਹਿੰਦੀ ਸੀ
ਮੈਂ ਬੋਲ ਕੇ
ਆਪਣੇ ਅਰਥ ਦੇ
ਦਾਇਰੇ ਨੂੰ
ਬਿੰਦੂ ਕਰਨਾ ਨਹੀਂ ਚਾਹੁੰਦਾ
ਮੈਂ ਅਰਥ ਦੇ ਸਾਗਰ ਨੂੰ
ਅੱਖਰ ਦੀ ਬੂੰਦ 'ਚ
ਧਰਨਾ ਨਹੀਂ ਚਾਹੁੰਦਾ

-0-

ਉਹ ਨੰਨ੍ਹੀ ਜਾਨ
ਮੇਰੇ ਸ਼ੋਰ ਦੀ ਹਾਨਣ ਸੀ
ਮੇਰੀ ਚੁੱਪ ਦੀ
ਸਾਥਣ ਸੀ
ਹੋਰ ਸੁਣ
ਜੋ ਕਿਸੇ ਦੀ ਚੁੱਪ ਨੂੰ
ਪੜ੍ਹ ਗਿਆ
ਮਿੱਟੀ ਦੇ ਦੀਵੇ 'ਚ
ਸੂਰਜ ਧਰ ਗਿਆ
ਸੱਚ ਦਾ ਸੱਚ
ਸੱਚ ਦੀ ਤਲੀ ਤੇ ਮੜ੍ਹ ਗਿਆ

------

## ਤੇਰਾ ਸਾਥ

ਤੂੰ
ਮੇਰੇ ਨਾਲ ਤੁਰੀ
ਕੁੱਝ ਵੀ ਨਾ ਵਾਪਰਿਆ
ਮੈਂ ਤੇਰੇ ਨਾਲ ਤੁਰਿਆ
ਆਪਣੀ ਚਾਲ ਭੁੱਲ ਗਿਆ
ਤੂੰ ਇਨ੍ਹਾਂ ਸੁੰਗੜ ਗਈ
ਕਿ ਆਪਣੇ ਕੋਲ ਆ ਗਈ
ਮੈਂ ਇਨ੍ਹਾਂ ਫੈਲਿਆ
ਕਿ ਆਪਣੇ ਤੋਂ
ਬਾਹਰ ਡੁੱਲ੍ਹ ਗਿਆ
ਇਨ੍ਹਾ ਖੁੱਲ੍ਹ ਗਿਆ
ਖਿੱਲਰ ਗਿਆ
ਕਿ ਪੁਰਜਾ ਪੁਰਜਾ
ਹੋ ਗਿਆ
ਤੂੰ ਬਰਸਾਤਾਂ 'ਚ ਚੋਂਦੀ ਸੈਂ
ਮੈਂ ਧੁੱਪਾਂ 'ਚ ਚੋਅ ਪਿਆ

-0-

ਤੂੰ ਮੇਰੇ ਬੋਲ ਸੁਣੇ

ਕੁੱਝ ਵੀ ਨ੍ਹਾ ਵਾਪਰਿਆ
ਮੈਂ ਤੇਰੇ ਬੋਲ ਸੁਣੇ
ਅਰਥਾਂ ਤੋਂ
ਅੱਖਰ ਅੱਖਰ ਹੋ ਗਿਆ
ਵਜ਼ੂਦ ਤੋਂ
ਪਰਤ ਪਰਤ ਹੋ ਗਿਆ
ਪਹਾੜ ਤੋਂ ਜ਼ਰਾ
ਸਮੁੰਦਰ ਤੋਂ ਬੂੰਦ
ਜੰਗਲ ਤੋਂ ਪੱਤਾ ਪੱਤਾ
ਹੋ ਗਿਆ
ਤੇਰੇ ਬੋਲ ਸਨ
ਜੋ ਮੇਰੇ 'ਚ
ਮੇਰੀ ਸ਼ਨਾਖ਼ਤ ਧਰ ਗਏ
ਤੈਨੂੰ ਮੇਰੇ ਤੋਂ
ਮੈਨੂੰ ਤੇਰੇ ਤੋਂ ਵੱਖ ਕਰ ਗਏ

-0-

ਤੂੰ ਮੈਨੂੰ ਸਮਝਿਆ
ਕੁੱਝ ਵੀ ਨਾ ਵਾਪਰਿਆ
ਮੈਂ ਤੈਨੂੰ ਸਮਝਿਆ
ਪੁੱਠੇ ਪੈਰੀਂ ਤੁਰ ਪਿਆ
ਆਪਣੇ ਸ਼ੀਸ਼ੇ ਨਾਲ

ਪੱਥਰ ਬਣ ਕੇ ਟਕਰਾ
ਗਿਆ
ਸ਼ੀਸ਼ੇ ਦਾ ਝੂਠ ਸਮਝਿਆ
ਪੱਥਰ ਦਾ ਸੱਚ
ਪਾ ਗਿਆ

-0-

ਤੂੰ ਮੈਨੂੰ
ਪਹਿਚਾਣਿਆ
ਕੁੱਝ ਵੀ ਨਾ ਵਾਪਰਿਆ
ਮੈਂ ਤੈਨੂੰ ਪਹਿਚਾਣਿਆ
ਆਪਣੇ ਆਪ ਤੋਂ ਵੀ
ਵੱਖ ਹੋ ਗਿਆ
ਲਾਲ ਸਾਂ
ਗਲੀਆਂ ਦਾ ਕੱਖ਼ ਹੋ
ਗਿਆ
ਹਸਤੀ ਮੇਰੀ ਮਿੱਟੀ
ਹਸਤੀ ਦੀ ਦੱਖ਼ ਹੋ ਗਿਆ
ਕੂੜ
ਆਪਣਾ ਨਜ਼ਰ
ਆਇਆ ਜਦੋਂ
ਮੈਂ ਚੋਂ
ਤੂੰ ਤੇਰੀ ਦਾ ਸੱਚ ਹੋ ਗਿਆ

-0-

ਤੂੰ ਮੇਰੇ ਨਾਲ ਤੁਰੀ
ਮੇਰੇ ਬੋਲ ਸੁਣੇ
ਮੈਨੂੰ ਸਮਝਿਆ
ਮੈਨੂੰ ਪਹਿਚਾਣਿਆ
ਕੁੱਝ ਵੀ ਨਾ ਵਾਪਰਿਆ
ਮੈਂ ਤੇਰੇ ਨਾਲ ਤੁਰਿਆ
ਤੇਰੇ ਬੋਲ ਸੁਣੇ
ਤੈਨੂੰ ਸਮਝਿਆ
ਤੈਨੂੰ ਪਹਿਚਾਣਿਆ
ਤਾਂ ਜਾਣਿਆ
ਮੈਂ ਕੀ ਹਾਂ ਕੌਣ ਹਾਂ
ਸ਼ੋਰ ਹਾਂ ਸੁਰ ਹਾਂ ਜਾਂ
ਮੌਨ ਹਾਂ
ਆਕਾਸ਼ ਧਰਤ ਜਲ ਹਾਂ
ਅੱਗਣ ਹਾਂ ਜਾਂ ਪੌਣ ਹਾਂ
ਤੇਰਾ ਸਾਥ ਪਾਇਆ
ਤੇ ਜਾਣਿਆ
ਮੈਂ ਇਨ੍ਹਾਂ ਤੋਂ ਅਲੱਗ ਹਾਂ
ਮਨੁੱਖ ਦੀ ਦੇਹ 'ਚ ਵੱਸਦਾ
ਮਨੁੱਖ ਦਾ ਹੀ ਰੱਬ ਹਾਂ

------

# ਪੈਰਾਂ ਵਾਲੀ ਸੜਕ

ਉਹ
ਮੈਨੂੰ ਚੌਰਾਹੇ 'ਚ ਛੱਡ ਕੇ
ਤੁਰ ਗਈ
ਮੈਂ ਸਾਰਾ ਦਿਨ ਚੌਰਾਹੇ 'ਚ
ਖੜ੍ਹਾ
ਉਸਨੂੰ ਉੱਡੀਕਦਾ ਰਿਹਾ
ਆਉਂਦੇ ਜਾਂਦੇ
ਚਿਹਰਿਆਂ ਦੇ ਪੈਰਾਂ 'ਚੋਂ
ਭਾਲਦਾ ਰਿਹਾ
ਕਿ ਉਹ ਕਦੋਂ ਆਵੇਗੀ
ਤੇ ਮੈਨੂੰ ਘਰ ਲੈ ਜਾਵੇਗੀ

–0–

ਮੈਂ ਚੌਰਾਹਾ ਛੱਡ ਕੇ
ਸਾਰੀ ਰਾਤ.
ਸ਼ਹਿਰ ਦੀਆਂ ਗਲੀਆਂ 'ਚ
ਭੌਂਦਾ ਰਿਹਾ
ਉਸਨੂੰ ਭਾਲਦਾ ਰਿਹਾ
ਪਰ ਉਹ ਕਿੱਧਰੇ ਨਹੀਂ ਮਿਲੀ
ਸਵੇਰੇ
ਫਿਰ ਚੌਰਾਹੇ 'ਚ ਆ ਖੜ੍ਹਿਆ

ਉਹਨੂੰ ਉੱਡੀਕਦਾ ਰਿਹਾ
ਉਹ ਨਹੀਂ ਆਈ

-0-

ਸੂਰਜ ਨਿਕਲਿਆ
ਤੇ ਯਾਦ ਆਇਆ
ਉਹ ਤਾਂ ਸੜਕ ਸੀ
ਸੜਕਾਂ ਤੁਰਦੀਆਂ ਨਹੀਂ
ਪੈਰ ਤੁਰਦੇ ਹਨ
ਪਰ ਸੜਕਾਂ ਨੂੰ ਤਾਂ
ਪੈਰ ਨਹੀਂ ਹੁੰਦੇ

-----

## ਰਾਤ ਦਿਨ

ਉਹ ਰੋਜ਼ ਰਾਤ ਨੂੰ
ਮੇਰੇ ਦੁਆਲੇ ਜਾਲ ਬੁਣਦੀ
ਮੇਰਾ ਜਿਸਮ ਭੋਗਦੀ
ਤੇ ਮੈਨੂੰ ਖਾ ਜਾਂਦੀ
ਸਵੇਰੇ ਸੂਰਜ ਨਿਕਲਣ ਤੋਂ
ਪਹਿਲਾਂ
ਉਹ ਮੇਰੀ ਲਾਸ਼ ਦਾ ਫੋਕ
ਸੜਕ ਤੇ ਥੁੱਕਦੀ
ਤੇ ਸੌਂ ਜਾਂਦੀ
ਸਿਰਫ਼ ਰਾਤ ਨੂੰ ਜਾਗਦੀ
ਮੇਰੀ ਉਡੀਕ ਕਰਦੀ
ਆਪਣੀਆਂ ਅੱਖਾਂ
ਦਰਵਾਜ਼ੇ ਤੇ ਲਾਈ ਰੱਖਦੀ

-0-

ਸੂਰਜ ਦੀ ਕਿਰਨ
ਜਦ ਮੇਰੇ ਫੋਕ ਤੇ ਪੈਂਦੀ
ਤਾਂ ਮੈਂ
ਫਿਰ ਜਨਮਦਾ

ਦਿਨ ਦੇ ਪਹਿਲੇ ਪਹਿਰ
ਆਪਣਾ ਬਚਪਨ ਗੁਜ਼ਾਰਦਾ
ਦੂਜੇ ਪਹਿਰ ਜਵਾਨ ਹੁੰਦਾ
ਸੜਕ ਤੇ
ਆਉਂਦੇ ਜਾਂਦੇ ਚਿਹਰਿਆਂ ਚੋਂ
ਆਪਣਾ ਚਿਹਰਾ ਭਾਲਦਾ
ਆਪਣੀਆਂ ਅੱਖ੍ਹਾਂ ਸੇਕਦਾ
ਖ਼ੁਆਬ ਬੁਣਦਾ
ਖ਼ੁਆਬ ਜਿਉਂਦਾ ਜਿਉਂਦਾ
ਜੁਆਨੀ ਗੁਜ਼ਾਰਦਾ

-0-

ਦਿਨ ਦੇ ਤੀਜੇ ਪਹਿਰ
ਆਪਣੀ ਮਰਦਾਨਗੀ
ਜਿਉਂਦਾ
ਆਪਣਾ ਸੇਕ
ਧੁੱਪਾਂ ਦੇ ਠਰ ਰਹੇ ਅੰਗਾਂ 'ਚ
ਉਤਾਰਦਾ
ਆਪਣੇ ਆਪ ਲਈ
ਕੋਈ ਚਿਹਰਾ ਭਾਲਦਾ

ਉਸਦੀ ਸੁੰਦਰਤਾ
ਆਪਣੇ ਨੈਣੀਂ ਉਤਾਰਦਾ

-0-

ਮੇਰੇ ਸਾਥ ਦਾ ਚਿਹਰਾ
ਮੈਨੂੰ ਭੀੜ ਚੋਂ ਦਿੱਸਦਾ
ਮੇਰੀ ਉਂਗਲੀ ਫੜਦਾ
ਦਿਨ ਦੇ ਚੌਥੇ ਪਹਿਰ 'ਚ
ਲੈ ਜਾਂਦਾ
ਮੈਨੂੰ ਆਪਣੇ ਜਾਲ 'ਚ
ਬੁਣਦਾ
ਸਾਰੀ ਰਾਤ ਮੇਰਾ
ਜਿਸਮ ਭੋਗਦਾ
ਤੇ ਮੈਨੂੰ ਖਾ ਜਾਂਦਾ
ਸਵੇਰੇ ਸੂਰਜ ਚੜ੍ਹਣ ਤੋਂ
ਪਹਿਲਾਂ
ਮੇਰੀ ਲਾਸ਼ ਦਾ ਫੋਕ
ਸੜਕ ਤੇ ਥੁੱਕਦਾ ਤੇ ਸੌਂ
ਜਾਂਦਾ
ਇਹ ਜੂਨ ਹੰਢਾਉਂਦਾ
ਸ਼ਾਇਦ
ਮੈਂ ਜਨਮ ਮਰਨ ਦਾ ਆਦੀ

ਹੋ ਗਿਆ ਹਾਂ
ਦਿਨ ਦੀ ਆਜ਼ਾਦੀ
ਰਾਤ ਦੀ
ਬਰਬਾਦੀ ਹੋ ਗਿਆ ਹਾਂ

-0-

ਰਾਤ ਵੀ
ਦਿਨ ਨੂੰ ਇਸੇ ਤਰ੍ਹਾਂ
ਖਾਂਦੀ ਹੈ
ਦਿਨ ਚੜ੍ਹਦਾ ਹੈ
ਸਵੇਰਾ ਜਿਉਂਦਾ ਹੈ
ਸ਼ਾਮ ਭੋਗਦਾ ਹੈ
ਤੇ ਰਾਤ ਨੂੰ
ਰਾਤ ਦੀ ਚੁੰਗਲ 'ਚ ਫਸ
ਜਾਂਦਾ ਹੈ
ਰਾਤ ਦਿਨ ਦੇ ਪਿੰਡੇ ਚੋਂ
ਚਾਨਣ ਨਿਚੋੜਦੀ ਹੈ
ਦਿਨ ਕਾਲਖ਼ ਦਾ ਰੂਪ ਹੋ
ਜਾਂਦਾ ਹੈ
ਦਿਨ ਤੋਂ ਰਾਤ ਕਹਾਉਂਦਾ ਹੈ
ਰਾਤ ਦੀ ਉਮਰ ਗੁਜ਼ਾਰਦਾ
ਆਪਣਾ ਕਾਲਾ ਵਜੂਦ

ਸੂਰਜ ਦੀ ਸਰਦਲ ਤੇ
ਧਰਦਾ
ਸੂਰਜ ਦੀ ਕਿਰਨ
ਜਦ ਦਿਨ ਦੇ ਕਾਲੇ ਵਜ਼ੂਦ
ਤੇ ਪੈਂਦੀ
ਕਾਲੇ ਵਜ਼ੂਦ ਚੋਂ
ਚਿੱਟਾ ਦਿਨ ਚੜ੍ਹਾਉਂਦੀ

-0-

ਉਹ ਰਾਤ ਹੈ
ਜੋ ਆਪਣੇ ਜਾਲ 'ਚ
ਮੈਨੂੰ ਬੁਣਦੀ ਹੈ
ਮੈਂ ਦਿਨ ਹਾਂ
ਜੋ ਰਾਤ ਦੇ ਜਾਲ 'ਚ
ਬੁਣਿਆ ਜਾਂਦਾ ਹਾਂ
ਰਾਤ ਦਿਨ 'ਚ
ਦਿਨ ਰਾਤ 'ਚ ਗੁਨ੍ਹਿਆਂ
ਜਾਂਦਾ ਹੈ
ਇਹ
ਗੁੰਝਣ ਸਮੇਂ ਦਾ ਵਜ਼ੂਦ ਹੈ
ਜਿਸ 'ਚ ਨਾ ਕਿਸੇ ਰਾਤ
ਦਾ ਜਨਮ ਹੈ
ਨਾ ਦਿਨ ਦੀ ਮੌਤ ਦਾ ਵਜ਼ੂਦ ਹੈ

------

## ਗਤੀ ਰਹਿਤ ਰਾਹ ਤੇ ਸੜਕਾਂ

ਮੈਂ ਸੜਕਾਂ ਤੇ ਨਿਕਲਿਆ
ਰਾਹਾਂ ਤੇ ਤੁਰਿਆ
ਨਾ ਸੜਕਾਂ ਹੀ ਤੁਰੀਆਂ
ਨਾ ਰਾਹ ਹੀ
ਕਿਤੇ ਅੱਪੜੇ
ਮੈਂ ਜਿੱਥੋਂ ਤੁਰਿਆ ਸਾਂ
ਉਥੇ ਹੀ ਖੜ੍ਹਾ ਸਾਂ
ਰਾਹ
ਮੇਰੇ ਪੈਰਾਂ 'ਚ ਸਿਮਟੇ ਸਨ
ਸੜਕਾਂ
ਮੇਰੇ ਦੁਆਲੇ ਲਿਪਟੀਆਂ
ਸਨ

-0-

ਸੋਚਿਆ ਨਾ
ਰਾਹਾਂ ਚੋਂ ਪੈਰ ਨਹੀਂ ਜਨਮਦੇ
ਪੈਰਾਂ ਚੋਂ ਰਾਹ ਜਨਮਦੇ ਹਨ
ਸਿਆਣੇ ਆਖਦੇ ਹਨ
ਜੋ ਬ੍ਰਹਿਮੰਡੇ ਸੋਈ ਪਿੰਡੇ
ਜੇ ਰਾਹ ਵੀ ਪੈਰਾਂ 'ਚ ਹਨ

ਸੜਕਾਂ ਵੀ ਅੰਦਰ ਹਨ
ਬ੍ਰਹਿਮੰਡ ਵੀ ਅੰਦਰ ਹੈ
ਤਾਂ ਬਾਹਰਲੇ ਬ੍ਰਹਿਮੰਡ 'ਚ
ਭਟਕਣ ਦੀ ਕੀ ਲੋੜ ਹੈ
ਆਪਣੀ ਦੇਹ ਦੀ ਹੀ
ਪ੍ਰਕਰਮਾ ਕਿਉਂ ਕਰ ਨਹੀਂ
ਲੈਂਦਾ
ਆਪਣੇ ਅੰਦਰ ਦਾ
ਬ੍ਰਹਿਮੰਡ ਹੀ ਕਿਉਂ ਤਰ
ਨਹੀਂ ਲੈਂਦਾ

-0-

ਅੰਦਰ ਉਤਰੇ
ਅੰਦਰ ਬਾਹਰਲੇ ਬ੍ਰਹਿਮੰਡ
ਦਾ ਸਾਇਆ ਸੀ
ਸੱਚ ਨਹੀਂ ਸੀ
ਅੰਦਰ
ਦੇਹ ਦੀ ਕਾਰਜ ਪ੍ਰਣਾਲੀ
ਦਾ ਸੱਚ ਸੀ
ਲਹੂ ਸੀ ਦਿਲ ਸੀ
ਜਿਗਰ ਸੀ
ਅੰਤੜੀਆਂ ਤੇ ਪ੍ਰਾਣਾਂ ਦਾ
ਸੱਚ ਸੀ

ਹਵਾ ਸੀ
ਅੱਗਣ ਸੀ ਜਲ ਸੀ
ਆਕਾਸ਼ ਤੇ ਧਰਤ ਦਾ
ਸਾਇਆ ਸੀ
ਸੱਚ ਨਹੀਂ ਸੀ
ਸੱਚ ਵੱਲ ਖੁਲ੍ਹਦਾ ਅੰਦਰਲੇ
ਬ੍ਰਹਿਮੰਡ 'ਚ
ਇਕ ਦਰਵਾਜ਼ਾ ਸੀ

-0-

ਦਰਵਾਜ਼ਾ ਖੋਲ੍ਹਿਆ
ਬਾਹਰਲੇ ਬ੍ਰਹਿਮੰਡ ਦਾ
ਅੰਦਰ ਜੋ ਸਾਇਆ ਸੀ
ਦਰਵਾਜ਼ੇ ਰਾਹੀਂ ਬਾਹਰ
ਨਿਕਲਿਆ
ਆਪਣੇ ਸੱਚ ਨੂੰ ਜਾ
ਮਿਲਿਆ
ਸੱਚ ਦਾ ਸੱਚ ਹੋ ਗਿਆ
ਅੰਦਰੋਂ ਰਾਹ ਜਨਮਿਆ
ਸਾਏ ਨੂੰ ਸੱਚ ਤਕ ਲੈ ਗਿਆ
ਮਿੱਟੀ ਦਾ ਕਲਬੂਤ
ਪਿੱਛੇ ਰਹਿ ਗਿਆ

-0-

ਮੈਂ ਸੜਕਾਂ ਤੇ ਨਿਕਲਿਆ
ਰਾਹਾਂ ਤੇ ਤੁਰਿਆ
ਨਾ ਸੜਕਾਂ ਹੀ ਤੁਰੀਆਂ
ਨਾ ਰਾਹ ਹੀ ਕਿਤੇ ਅੱਪੜੇ
ਮੈਂ ਜਿਥੋਂ ਤੁਰਿਆ ਸਾਂ
ਉਥੇ ਹੀ ਖੜ੍ਹਾ ਸਾਂ
ਰਾਹ ਮੇਰਿਆਂ ਪੈਰਾਂ 'ਚ
ਸਿਮਟੇ ਸਨ
ਸੜਕਾਂ
ਮੇਰੇ ਦੁਆਲੇ ਲਿਪਟੀਆਂ ਸਨ

------

## ਸਬੂਤੇ ਚੰਨ ਦੀ ਭਾਲ

ਮੇਰਾ
ਅੰਗ ਅੰਗ ਭੱਖ ਰਿਹਾ ਹੈ
ਸਾਰਾ ਵਜ਼ੂਦ ਤਪ ਰਿਹਾ ਹੈ
ਮੈਂ ਆਪਣੇ ਲਹੂ 'ਚ
ਉਬਲਦੀ ਹਾਂ
ਆਪਣੀ ਅੱਗ 'ਚ ਧੁੱਖਦੀ ਹਾਂ
ਮੇਰੇ ਅੰਦਰ
ਤ੍ਰਿਸ਼ਨਾ ਦੀ ਪੌਣ
ਨੈਣਾਂ 'ਚ ਹਨ੍ਹੇਰੀਆਂ
ਝੱਖੜ ਤੂਫ਼ਾਨ ਉੱਠਦੇ ਹਨ
ਮੇਰੀ ਦੇਹ
ਕਦੀ ਸਾਗਰ 'ਚ ਡੁੱਬਦੀ ਹੈ
ਕਦੀ ਸਹਿਰਾ 'ਚ ਰਿੱਝਦੀ ਹੈ
ਮੇਰੀ ਭਟਕਣ
ਮੈਨੂੰ ਦਿਨ ਰਾਤ ਖਾਂਦੀ ਹੈ
ਮੇਰੀ ਉਚੇਤਨਾ
ਮੇਰੀ ਰੱਤ ਪੀਂਦੀ ਹੈ
ਮੇਰੀ ਦੇਹ ਹੰਢਾਉਂਦੀ ਹੈ

-0-

ਆਪਣੀ ਉਚੇਤਨਾ ਤੇ
ਤੱਪਦੇ ਥਲ ਖ਼ਾਤਿਰ

ਮੈਂ ਰੋਜ਼ ਮਰਦੀ ਹਾਂ
ਰੋਜ਼ ਜਿਉਂਦੀ ਹਾਂ
ਮਨ ਦੀ ਸ਼ਾਂਤੀ ਤੇ
ਦੇਹ ਦੇ ਸਕੂਨ ਲਈ
ਸਾਲਮ ਸਬੂਤਾ ਚੰਨ
ਭਾਲਦੀ ਹਾਂ
ਆਪਣੇ ਭੱਖ ਰਹੇ ਅੰਗਾਂ
ਤੇ ਨਕਸ਼ਾਂ 'ਚ ਉਤਾਰਦੀ ਹਾਂ

-0-

ਮੈਂ
ਆਪਣੀ ਭਟਕਣ 'ਚ
ਗੁਆਚੀ
ਆਪਣੇ ਅੰਬਰ ਦਾ ਚੰਨ
ਤੱਕਦੀ ਹਾਂ
ਪੁਰਜਾ ਪੁਰਜਾ ਚੰਨ
ਆਪਣੀ ਚਾਂਦਨੀ 'ਚ
ਗੁਆਚ ਗਿਆ ਹੈ
ਆਪਣੇ ਆਪ 'ਚ
ਖੋਹ ਗਿਆ ਹੈ
ਆਪਣੇ ਪਿੱਛੇ ਦੌੜਦਾ
ਦੌੜਦਾ
ਆਪਣੇ ਅੰਗਾਂ ਤੇ ਨਕਸ਼ਾਂ 'ਚ

ਤਕਸੀਮਿਆ ਗਿਆ ਹੈ
ਆਪਣੀ ਦੇਹ ਦੇ ਸੱਚ
ਤੇ ਸਾਏ ਦੇ ਭਰਮਾਂ 'ਚ
ਵੰਡਿਆ ਗਿਆ ਹੈ

-0-

ਜੇ ਇਸਨੂੰ
ਤਿੜਕੇ ਸ਼ੀਸ਼ੇ ਚੋਂ ਤੱਕਦੀ ਹਾਂ
ਤਾਂ ਅਨੇਕਤਾ 'ਚ
ਏਕਤਾ ਹੈ
ਜੇ ਸਾਲਮ ਸ਼ੀਸ਼ੇ ਚੋਂ ਤੱਕਦੀ ਹਾਂ
ਤਾਂ ਏਕਤਾ ਹੈ
ਅਨੇਕਤਾ ਹੈ
ਕਿਉਂਕਿ ਤਿੜਕਿਆ ਚੰਨ
ਆਪਣੀ ਅਸਲੀਅਤ
ਛੁਪਾ ਨਹੀਂ ਸਕਦਾ
ਸਾਲਮ ਚੰਨ
ਆਪਣੇ ਤਿੜਕੇ ਵਜੂਦ ਦਾ
ਸੱਚ
ਹੰਢਾ ਨਹੀਂ ਸਕਦਾ

-0-

ਆਪਣੇ ਆਪ 'ਚ
ਜੇ ਪੁਰਜਾ ਪੁਰਜਾ ਚੰਨ ਬੀਜਾਂਗੀ

ਤਾਂ ਪੁਰਜਾ ਪੁਰਜਾ
ਸਕੂਨ ਉੱਗੇਗਾ
ਸਾਲਮ ਚੰਨ ਬੀਜਾਂਗੀ
ਤਾਂ ਸਾਲਮ ਸਕੂਨ ਦਾ
ਵਜ਼ੂਦ ਉੱਗੇਗਾ
ਮੈਂ ਕਿਵੇਂ ਪੁਰਜਾ ਪੁਰਜਾ
ਚੰਨ ਜੋੜਾਂਗੀ
ਚੰਨ ਦੀ ਅਨੇਕਤਾ
ਕਿੰਝ ਇਕਾਈ ਵੱਲ ਮੋੜਾਂਗੀ
ਪੁਰਜਾ ਪੁਰਜਾ ਚੰਨ
ਆਪਣੇ ਅੰਬਰ ਤੇ
ਕਿੰਝ ਧਰਾਂਗੀ
ਤਕਸੀਮੇ ਚੰਨ੍ਹ ਚੋਂ
ਆਪਣੇ ਸਾਲਮ ਵਜ਼ੂਦ ਲਈ
ਸਕੂਨ ਕਿੰਝ ਫੜਾਂਗੀ

–0–

ਪੁਰਜਾ ਪੁਰਜਾ ਚੰਨ
ਨਦੀ ਦੇ ਦਰਪਣ 'ਚ ਜੁੜਦਾ ਹੈ
ਟੁੱਟਦਾ ਹੈ
ਪਰ ਮੈਂ ਤਾਂ ਨਦੀ ਨਹੀਂ
ਲਹੂ ਮਾਸ ਦੀ ਧਾਰਾ ਹਾਂ

ਲਹੂ ਮਾਸ ਦੀ ਧਾਰਾ 'ਚ
ਚੰਨ ਦਾ ਸੱਚ
ਜੇ ਤਕਸੀਮਿਆ ਹੈ
ਤਾਂ ਤਕਸੀਮਿਆ ਨਜ਼ਰ
ਆਵੇਗਾ
ਜੇ ਸਾਲਮ ਹੈ
ਤਾਂ ਸਾਲਮ ਸੱਚ ਨਜ਼ਰ
ਆਏਗਾ

-0-

ਮੈਂ ਤੇ
ਆਪਣੇ ਆਪ ਨੂੰ ਤਕਸੀਮ
ਨਹੀਂ ਸਕਦੀ
ਨਾ ਹੀ ਨਦੀ ਦਾ ਪਾਣੀ
ਹੋ ਸਕਦੀ ਹਾਂ .
ਨਾ ਮੈਂ ਸਾਲਮ ਸਬੂਤੀ ਹੋਂਦ
ਤਕਸੀਮੇ ਚੰਨ ਦੀ
ਹਾਣੀ ਹੋ ਸਕਦੀ ਹਾਂ

-0-

ਮੇਰਾ ਅੰਗ ਅੰਗ ਭੱਖ ਰਿਹਾ ਹੈ
ਸਾਰਾ ਵਜੂਦ ਤਪ ਰਿਹਾ ਹੈ
ਮੈਂ ਆਪਣੇ ਲਹੂ 'ਚ ਉਬਲ਼ਦੀ ਹਾਂ
ਆਪਣੀ ਅੱਗ 'ਚ ਧੁੱਖਦੀ ਹਾਂ

------

# ਸਫ਼ਰ ਤੇ ਸੰਕਲਪ

ਮੈਂ
ਆਕਾਸ਼ ਨੂੰ
ਨਜ਼ਰ 'ਚ ਭਰਿਆ
ਤੇ ਪੁੱਛਿਆ
ਤੇਰਾ ਆਦਿ ਕੀ ਹੈ
ਤੇਰਾ ਅੰਤ ਕੀ ਹੈ
ਬੋਲਿਆ
ਮੇਰਾ ਆਦਿ ਸੰਯਭੂ ਹੈ
ਮੇਰਾ ਅੰਤ ਸੰਯਭੂ ਹੈ
ਨਜ਼ਰ ਤੱਕੇ ਤਾਂ ਆਕਾਸ਼ ਹਾਂ
ਨਹੀਂ ਹਾਂ
ਹਨ੍ਹੇਰੇ ਦਾ ਅਹਿਸਾਸ ਹਾਂ

–0–

ਮੈਂ ਹਵਾ ਨੂੰ
ਮੁੱਠ 'ਚ ਫੜਿਆ
ਤੇ ਪੁੱਛਿਆ
ਤੇਰਾ ਆਦਿ ਕ਼ੀ ਹੈ
ਬੋਲੀ
ਅਵੇਗ ਮੇਰਾ ਆਦਿ ਹੈ
ਅਵੇਗ ਮੇਰਾ ਅੰਤ ਹੈ
ਮੈਂ ਅਗਤੀ ਤੋਂ

ਗਤੀ ਵੱਲ ਚਲਦੀ
ਹੁਣ ਤਕ ਅੱਪੜੀ
ਗਤੀ ਹੋ ਗਈ ਹਾਂ
ਮੇਰੀ ਹੁਣ ਹੀ
ਮੇਰੀ ਹੋਂਦ ਹੈ
ਮੇਰੀ ਹੁਣ ਹੀ
ਮੇਰੀ ਗੋਂਦ ਹੈ

–0–

ਮੈਂ
ਅੱਗਣ ਨੂੰ ਸੰਬੋਧਿਆ
ਤੇਰਾ ਆਦਿ ਕੀ ਹੈ
ਤੇਰਾ ਅੰਤ ਕੀ ਹੈ
ਬੋਲੀ
ਮੇਰਾ ਆਦਿ ਸੀਤ ਹੈ
ਮੇਰਾ ਅੰਤ ਸੀਤ ਹੈ
ਮੇਰਾ ਪ੍ਰਗਟਾਅ ਹੀ
ਮੇਰੀ ਹੋਂਦ ਹੈ
ਹੁਣ ਦਾ ਪਲ ਹੀ
ਮੇਰੀ ਗੋਂਦ ਹੈ

–0–

ਮੈਂ
ਜਲ ਨੂੰ ਕੰਠ 'ਚ ਭਰਿਆ
ਤੇ ਪੁੱਛਿਆ
ਤੇਰਾ ਆਦਿ ਕੀ ਹੈ

ਤੇਰਾ ਅੰਤ ਕੀ ਹੈ
ਬੋਲਿਆ
ਥਲ ਹੀ ਮੇਰਾ ਆਦਿ ਹੈ
ਥਲ ਹੀ ਮੇਰਾ ਅੰਤ ਹੈ
ਮੈਂ ਥਲ ਤੋਂ
ਥਲ ਤਕ ਤੁਰਦਾ
ਆਪਣੇ ਪਸੀਨੇ 'ਚ
ਭਿੱਜਾ
ਜਲ ਹੋ ਜਾਂਦਾ ਹਾਂ
ਸੂਰਜ ਦੇ ਸੇਕ 'ਚ
ਥਲ ਹੋ ਜਾਂਦਾ ਹਾਂ

–0–

ਮੈਂ
ਧਰਤੀ ਨੂੰ ਮੁਖਾਤਬਿਆ
ਤੇਰਾ ਆਦਿ ਕੀ ਹੈ
ਤੇਰਾ ਅੰਤ ਕੀ ਹੈ
ਬੋਲੀ
ਮੇਰਾ ਆਦਿ
ਆਕਾਸ਼ ਦਾ ਇਕ ਤਾਰਾ ਹੈ
ਸੂਰਜ ਨਹੀਂ
ਮੇਰਾ ਅੰਤ ਹੁਣ ਹੈ
ਮੇਰੀ ਹੋਂਦ
ਮੇਰੇ ਸਫ਼ਰ ਦੀ ਹੀ
ਸੁੰਨ ਹੈ

–0–

ਜਦ

ਮੀਂਹ 'ਚ ਭਿੱਜੀ ਕਵਿਤਾ

ਮੇਰੇ ਗਲ ਲੱਗੀ

ਤਾਂ ਮੇਰੀ ਦੇਹ 'ਚ

ਠੰਡੀ ਸੀਤ ਰੁੱਤ ਫੈਲ ਗਈ

ਮੇਰੇ ਅੰਗਾਂ ਚੋਂ

ਅੱਗਣ ਰੁੱਤ ਪੁੰਗਰੀ

ਤਾਂ ਮੇਰੀ ਦੇਹ ਦਾ ਚਾਨਣ

ਅਖੰਡਾਂ ਬ੍ਰਹਿਮੰਡਾਂ 'ਚ

ਫੈਲਿਆ

ਜਿੱਥੇ ਨਾ ਹਵਾ ਨਾ ਅੱਗਣ

ਨਾ ਜਲ ਨਾ ਧਰਤ

ਨਾ ਆਕਾਸ਼ ਸੀ

ਬਸ ਇਕ ਨਿਰਹੋਂਦ ਹੀ

ਨਿਰਹੋਂਦ

ਹੋਂਦ ਹੋ ਗੁਜ਼ਰੀ

------

## ਖੰਭ ਤੇ ਪ੍ਰਵਾਜ਼

ਗਤੀ
ਸਮੇਂ ਦਾ ਵਜ਼ੂਦ ਤਿਆਗ
ਕਿੱਧਰ ਤੁਰ ਗਈ ਹੈ
ਸਾਡੀ ਪ੍ਰਕਰਮਾ 'ਚ
ਸਥੂਲ ਬ੍ਰਹਿਮੰਡ ਧਰ ਗਈ ਹੈ
ਮਨੁੱਖ ਨੂੰ ਗਤੀ ਹੀਣ ਕਰ ਗਈ ਹੈ

-0-

ਹੁਣ ਅਸੀਂ
ਗਤੀਹੀਣ ਪ੍ਰਕਰਮਾ ਸੰਗ
ਸਥੂਲ ਬ੍ਰਹਿਮੰਡ ਦੁਆਲੇ
ਘੁੰਮ ਰਹੇ ਹਾਂ
ਗਤੀਹੀਣ ਸਾਗਰ ਤਰ
ਰਹੇ ਹਾਂ
ਗਤੀਹੀਣ ਅੱਗਣ
ਸੇਕ ਰਹੇ ਹਾਂ
ਗਤੀਹੀਣ ਜਲ ਪੀ ਰਹੇ ਹਾਂ
ਗਤੀਹੀਣ
ਜੀਵਨ ਜੀਅ ਰਹੇ ਹਾਂ

-0-

ਅਸੀਂ ਕਬਰਾਂ ਦਾ ਵਜ਼ੂਦ
ਪੱਥਰਾਂ ਦਾ ਅਕਾਰ ਹੋ ਗਏ ਹਾਂ
ਸੋਚ ਪੱਥਰਾ ਗਈ ਹੈ ਸਾਡੀ
ਲਹੂ ਜਮ ਗਿਆ ਹੈ ਸਾਡਾ
ਵਿਚਰਨ ਦੀ ਹਰਕਤ ਰੁਕ ਗਈ
ਅਗਤੀਆਂ
ਉੱਗ ਆਈਆਂ ਹਨ
ਖੰਭ ਸੜ ਗਏ ਹਨ
ਪ੍ਰਵਾਜ਼ ਨੁੱਚੜ ਗਏ ਹਨ
ਸਾਡਾ
ਹਰ ਦਮ ਮੌਤ ਦਾ ਆਦੀ
ਹੋ ਗਿਆ ਹੈਂ
ਸਾਡੇ ਚੋਂ
ਜੀਵਨ ਬਨਵਾਸੀ ਹੋ ਗਿਆ ਹੈ
ਪ੍ਰਾਣ ਦੇਹ ਭੁੱਲ ਗਿਆ ਹੈ
ਸਾਨੂੰ
ਜ਼ਿੰਦਗੀ ਨਾਲੋਂ
ਤੇਜ਼ ਦੌੜਣ ਦਾ ਲਾਲਚ
ਖਾ ਗਿਆ ਹੈ

-0-

ਅਸੀਂ
ਜ਼ਿੰਦਗੀ ਨਾਲੋਂ

ਏਨਾ ਤੇਜ਼ ਦੌੜਾਂਗੇ
ਕਿ ਜ਼ਿੰਦਗੀ ਪਿੱਛੇ
ਰਹਿ ਗਈ ਹੈ
ਅਸੀਂ ਇਕੱਲੇ ਹੋ ਗਏ ਹਾਂ
ਜ਼ਿੰਦਗੀ ਦੀ ਦੌੜ 'ਚ
ਸਭ ਕੁੱਝ ਹੀ ਆਪਣਾ
ਖੋਹ ਗਏ ਹਾਂ
ਜਿੱਥੇ ਪਹੁੰਚੇ ਹਾਂ
ਉਥੇ ਕੋਈ ਨਹੀਂ ਹੈ
ਨਾ ਗਤੀ ਹੈ ਨਾ ਅਗਤੀ ਹੈ
ਸੁੰਨ ਧਰਤੀ ਹੈ
ਸੁੰਨ ਆਸਮਾਂ ਹੈ
ਇਕੱਲਤਾ ਚੁੱਪ ਉਦਾਸੀਆਂ
ਤੇ ਉਜਾੜਾਂ ਦਾ
ਨਜ਼ਰ 'ਚ ਫੈਲਿਆ
ਜਹਾਨ ਹੈ
ਪੱਥਰਾਇਆਂ ਚਿਹਰਿਆਂ ਦਾ
ਪੱਥਰਾਈਆਂ ਅੱਖ੍ਹਾਂ ਦਾ
ਮੋਇਆਂ
ਜਜ਼ਬਿਆਂ ਦਾ
ਅਨੁਭਵਹੀਣ ਸਿਲਸਿਲਾ
ਹੈ

−0−

ਅਸੀਂ ਆਪਣੀ ਗਤੀ
ਅਗਤੀਆਂ ਦੀ ਮੰਜ਼ਿਲ'
ਪਾਉਂਦੇ ਹੀ ਗੁਆ ਲਈ ਹੈ
ਅਸੀਂ ਇਕੱਲ
ਆਪਣੇ ਦੁਆਲੇ ਵਸਾ ਲਈ
ਹੈ
ਜਿਸ 'ਚ ਨਾ ਕੁੱਝ ਬੀਜ
ਸਕਦੇ ਹਾਂ
ਨਾ ਉੱਗਾ ਸਕਦੇ ਹਾਂ
ਨਾ ਪਹਿਣ ਸਕਦੇ ਹਾਂ
ਨਾ ਹੰਢਾਅ ਸਕਦੇ ਹਾਂ
ਇੱਥੇ ਚੁੱਪ ਇਕੱਲਤਾ
ਉਦਾਸੀ ਤੇ ਵੀਰਾਨੀ ਦੇ
ਸਿਵਾ ਕੁੱਝ ਨਹੀਂ
ਨਾ ਵੇਖਣ ਲਈ
ਨਾ ਸੁਣਨ ਲਈ
ਨਾ ਕਹਿਣ ਲਈ
ਬਸ ਇਕੱਲੇ ਮਨੁੱਖ ਦਾ
ਪੱਤ ਵਿਹੂਣਾ ਰੁੱਖ ਹੈ
ਜਿਸਦੀ ਨਾ ਛਾਂ ਹੈ
ਆਪਣੇ ਹੀ ਬਹਿਣ ਲਈ
ਨਾ ਤਣਾ ਹੈ ਨਾ ਛਿੱਲੜ ਹੈ
ਆਪਣੇ ਹੀ ਰਹਿਣ ਲਈ

-0-

ਅਸੀਂ
ਉਹ ਪੰਛੀ ਹਾਂ
ਜੋ ਦਿੱਸਹਦਿਆਂ ਦੇ
ਭਰਮ ਦੀ ਖ਼ਾਤਰ
ਧਰਤੀ ਦਾ ਸੱਚ ਤਿਆਗ
ਆਏ ਹਾਂ
ਕਾਗ਼ਜ਼ੀ ਫੁੱਲਾਂ ਦੀ ਖ਼ਾਤਰ
ਆਰਜ਼ੀ ਰੰਗਾਂ ਦੀ ਖ਼ਾਤਰ
ਖ਼ੁਸ਼ਬੂਆਂ ਲੱਦਿਆ
ਅਸਲ ਗੁਲਜ਼ਾਰ ਤਿਆਗ
ਆਏ ਹਾਂ
ਅਸੀਂ ਭੁੱਲ ਗਏ
ਸਾਡਾ ਸੱਚ ਕੀ ਹੈ
ਅਸੀਂ ਧਰਤੀ ਦਾ
ਸੱਚ ਤਿਆਗ
ਦਿੱਸਹਦਿਆਂ ਦੇ ਭਰਮ
ਦਾ ਸੱਚ ਜਿਊਂਦੇ ਹਾਂ
ਹਵਾ ਦੇ ਫੱਟ ਲਾਉਂਦੇ ਹਾਂ
ਹਵਾ ਸੰਗ ਸਿਊਂਦੇ ਹਾਂ

-0-

ਸਾਡੇ ਉੱਡਣ ਲੱਗਿਆਂ
ਧਰਤੀ ਦੀ ਸੁਗੰਧ

ਸਾਡੇ ਨਾਲ ਸੀ
ਅਸੀਂ ਐਸੀ ਪ੍ਰਵਾਜ਼
ਭਰੀ
ਗਤੀ ਦੀ ਗਤੀ ਵੀ
ਪਿੱਛੇ ਰਹਿ ਗਈ
ਪ੍ਰਵਾਜ਼
ਧਰਤੀ ਦੀ ਸੁਗੰਧ ਤੋਂ
ਸਾਨੂੰ ਦੂਰ ਲੈ ਆਈ
ਦਿੱਸਹਦਿਆਂ ਦਾ ਸੱਚ
ਤਾਂ ਨਜ਼ਰ ਨਾ ਆਇਆ
ਧਰਤੀ ਦਾ ਸੱਚ ਵੀ
ਗੁਆ ਲਿਆ
ਆਪਣੀ ਇਕੱਲਤਾ 'ਚ
ਗੁਵਾਚੇ
ਹੁਣ ਏਨਾ ਦੂਰ ਆ ਗਏ
ਦਿੱਸਹਦਿਆਂ ਨੂੰ ਛੱਡਦੇ
ਵੀ ਮਰਦੇ ਹਾਂ
ਧਰਤੀ ਤੇ ਪਰਤਦੇ ਵੀ
ਮਰਦੇ ਹਾਂ

-----

## ਚੁੱਪ ਦੇ ਬੋਲ

ਚੁੱਪ ਦੇ ਬੋਲ
ਜਿੱਥੇ ਕਬਰਾਂ ਬੋਲਦੀਆਂ ਹਨ
ਸ਼ਮਸ਼ਾਨ ਸੁਣਦੇ ਹਨ
ਪੱਥਰ ਤੁਰਦੇ ਹਨ
ਅੱਥਰੂ ਕੇਰਦੇ ਹਨ
ਚੁੱਪ ਦੇ ਕੰਠ ਚੋਂ ਸ਼ੋਰ ਉੱਠਦਾ ਹੈ
ਇਕਾਂਤ 'ਚ
ਭੀੜ ਦੇ ਪੈਰ ਤੁਰਦੇ ਹਨ
ਉਜਾੜਾਂ ਚੋਂ
ਗੁਲਜ਼ਾਰਾਂ ਪੁੰਗਰਦੀਆਂ ਹਨ
ਪਤਝੜਾਂ ਵੀਰਾਨੀਆਂ
ਉਜਾੜਾਂ
ਬਹਾਰਾਂ ਮੌਸਮਾਂ ਰੁੱਤਾਂ
ਦੇ ਬਦਨ ਜਿਉਂਦੀਆਂ ਹਨ

-0-

ਖੰਡਰ ਤੇ ਥੇਹ
ਵੇਖਦੇ ਸੁਣਦੇ ਤੇ ਬੋਲਦੇ ਹਨ
ਨਜ਼ਰਾਂ 'ਚ ਸ਼ਹਿਰ
ਫੈਲਦੇ ਹਨ
ਹਨ੍ਹੇਰਿਆਂ ਦੀਆਂ ਅੱਖਾਂ 'ਚ
ਚਾਨਣ ਜਗਦੇ ਹਨ

ਸਹਿਰਾ ਸਮੁੰਦਰ
ਸਮੋਈ ਬੈਠਾ ਹੈ
ਪਹਾੜ ਤੁਰਦੇ ਤਰਦੇ
ਤੇ ਉੱਡਦੇ ਹਨ
ਅੰਗਿਆਰਿਆਂ ਦੀਆਂ
ਅੱਖ੍ਹਾਂ ਚੋਂ
ਸ਼ਬਨਮ ਝਾਕਦੀ ਹੈ
ਜਲ ਦੇ ਤਿਰਹਾਏ ਖ਼ੂਹ
ਪਿਆਸ ਬੁਝਾਉਂਦੇ ਹਨ
ਸੁੰਨ ਦੇ ਨੈਣਾਂ 'ਚ
ਰੌਣਕ ਦੇ ਦੀਵੇ ਜਗਦੇ ਹਨ

-0-

ਇਕ ਚੁੱਪ
ਬੋਲਾਂ ਦੀ ਭਾਲ 'ਚ
ਸਦੀਆਂ ਦਾ ਬਨਵਾਸ
ਕੱਟਦੀ ਹੈ
ਪੱਥਰਾਂ ਦੇ ਪਿੰਡੇ 'ਚ
ਅੱਖ੍ਹਾਂ ਜ਼ੁਬਾਨ ਤੇ ਪੈਰ
ਧਰਦੀ ਹੈ

------

## ਨੂਰ

ਉਹ
ਕੋਈ ਹੁਸਨ ਸੀ
ਜਾਂ ਤਲਵਾਰ ਸੀ
ਜ਼ਿੰਦਗੀ ਦੀ ਸਰਦਲ
ਜਾਂ
ਮੌਤ ਦਾ ਦੁਆਰ ਸੀ

-0-

ਉਹ
ਜਿੱਧਰੋਂ ਵੀ ਲੰਘਦੀ
ਕਰਦੀ
ਸਿਰ ਕਲਮ ਜਾਂਦੀ
ਪੱਥਰ ਦੇ ਬੁਤਾਂ ਦੇ
ਜ਼ਖਮੀਂ ਦਿਲ ਕਰੀ ਜਾਂਦੀ
ਉਸਨੂੰ ਤੱਕ ਕੇ
ਸਿਪਾਹੀ
ਆਪਣੀ ਤਲਵਾਰ
ਬਾਦਸ਼ਾਹ
ਆਪਣਾ ਤਾਜ
ਉਸਨੂੰ ਅਰਪਣ ਕਰ ਦਿੰਦਾ
ਉਸਦੇ
ਕਦਮਾਂ 'ਚ ਧਰ ਦਿੰਦਾ

ਪੰਛੀ
ਪ੍ਰਵਾਜ਼ ਭੁੱਲ ਜਾਂਦੇ
ਸਾਜ਼ ਸੁਰ ਸੰਗੀਤ
ਤੇ ਅਵਾਜ਼ ਭੁੱਲ ਜਾਂਦੇ
ਪੌਣ ਤੱਕਦੀ
ਤਾਂ ਆਪਣਾ ਵੇਗ਼ ਭੁੱਲ
ਜਾਂਦੀ
ਜੰਗਲ ਵਜੂਦ
ਸਾਗਰ ਉਛਾਲ ਭੁੱਲ ਜਾਂਦੇ

-0-

ਜਪੀ ਤਪੀ ਜੋਗੀ
ਜੇ
ਉਸਦਾ ਦੀਦਾਰ ਕਰ
ਲੈਂਦੇ
ਜਪ ਤਪ ਭੁੱਲ ਜਾਂਦੇ
ਰੱਬੀ ਨੁਹਾਰ ਭੁੱਲ ਜਾਂਦੇ
ਆਸ਼ਕ
ਆਸ਼ਕੀ ਤੇ ਪਿਆਰ
ਭੁੱਲ ਜਾਂਦੇ
ਨੈਣਾਂ ਨਕਸ਼ਾਂ ਦੀ ਪਹਿਚਾਣ
ਨਾ ਰਹਿੰਦੀ
ਚਿਹਰੇ ਦਾ ਰੰਗ ਤੇ ਨੁਹਾਰ
ਭੁੱਲ ਜਾਂਦੇ

-0-

ਧਰਤੀ
ਵੇਖਦੀ ਜੋ ਝਲਕ
ਇਕ ਉਸਦੀ
ਆਪਣੀ ਗੋਦ 'ਚ
ਮੌਸਮ ਬਹਾਰਾਂ ਰੁੱਤਾਂ
ਦਾ ਵਜ਼ੂਦ
ਰੰਗਾਂ ਖ਼ੁਸ਼ਬੂਆਂ ਦਾ
ਖ਼ਿਆਲ ਭੁੱਲ ਜਾਂਦੀ
ਆਪਣੀ ਸੁਗੰਧ ਤੇ
ਉਤਪੱਤੀ ਦਾ ਜਲਾਲ
ਭੁੱਲ ਜਾਂਦੀ
ਆਪਣੀ ਹੋਂਦ ਭੁੱਲ ਜਾਂਦੀ
ਸਾਹ ਲੈਣ ਦਾ
ਖ਼ਿਆਲ ਭੁੱਲ ਜਾਂਦੀ

-0-

ਉਹ ਹੁਸਨ
ਜੋ ਆਪਣੇ ਆਪਨੂੰ
ਤੱਕਦਾ
ਆਪਣੇ ਦੀਦਾਰ ਲਈ
ਸਿਰ ਤਲੀ ਤੇ ਧਰਦਾ
ਬਾਲ ਕੇ ਸੂਰਜਾਂ ਦੇ ਦੀਵੇ

ਆਪਣੇ ਹੀ
ਇੰਤਜ਼ਾਰ 'ਚ ਖੜ੍ਹਦਾ
ਪ੍ਰਗਟਦਾ ਜਦ ਨੂਰ
ਉਸਦਾ ਹੀ
ਉਹ ਲਹੂ ਮਾਸ ਦਾ ਪੁਤਲਾ
ਪੱਥਰ ਦੇ ਬੁੱਤ 'ਚ ਢਲਦੀ

-0-

ਉਹ
ਕੋਈ ਹੁਸਨ ਸੀ
ਜਾਂ ਤਲਵਾਰ ਸੀ
ਜ਼ਿੰਦਗੀ ਦੀ ਸਰਦਲ ਸੀ
ਜਾਂ
ਮੌਤ ਦਾ ਦੁਆਰ ਸੀ

------

## ਦਿਲ ਵਿਚ ਤੂੰ ਵਸਦਾ

ਪ੍ਰਭਾਤ ਹੋਈ ਹੈ.
ਹੌਲੀ ਹੌਲੀ ਦਿਨ ਚੜ੍ਹੇਗਾ
ਸੂਰਜ ਦੀ ਟਿੱਕੀ
ਜਦ ਅੰਬਰ ਨੂੰ ਛੋਹੇਗੀ
ਤਾਂ
ਤੇਰੀ ਮੇਰੀ ਸੰਦਲੀ
ਮੁਲਾਕਾਤ ਹੋਵੇਗੀ
ਚੰਨਾਂ ਸੂਰਜਾਂ ਤਾਰਿਆਂ
ਦੀ ਬਰਾਤ ਹੋਵੇਗੀ

-0-

ਤੂੰ ਦੁਲਹਨ ਵਾਂਗ
ਰੁੱਤਾਂ ਫੁੱਲਾਂ ਕਲੀਆਂ ਰੰਗਾਂ
ਮਹਿਕਾਂ ਵਾਂਗ ਸੱਜੇਂਗੀ
ਮੂੰਹ ਘੁੰਡ 'ਚ
ਬਾਲ ਕੇ ਦੀਵੇ ਨੈਣਾਂ ਦੇ
ਓੜਕੇ
ਅੰਬਰ ਦੀ ਫੁੱਲਕਾਰੀ
ਚੰਦਰ ਮੁੱਖੀ ਲੱਗੇਂਗੀ

-0-

ਅੱਖ਼ਾਂ ਰਾਹਾਂ ਤੇ ਲੱਗੀਆਂ

ਕੰਨ ਸ਼ਹਿਨਾਈ ਦੀ ਧੁੰਨ
ਲਈ ਤਰਸਣਗੇ
ਜ਼ੁਲਫ਼ਾਂ ਦੀਆਂ ਘਟਾਵਾਂ ਚੋਂ
ਸਾਵਣ ਬਰਸਣਗੇ
ਮੇਰੀ ਦੀਦ ਲਈ
ਕਦੀ ਬਹਿੰਦੀ ਕਦੀ
ਉੱਠਦੀ
ਕਦੀ ਨੱਸਦੀ ਹੋਵੇਗੀ
ਨੈਣਾਂ ਦੇ ਦੀਵੇ ਬਾਲ
ਦਰਾਂ ਤੇ ਧਰਦੀ ਹੋਵੇਗੀ
ਭੌਰ ਕੈਦ
ਤੇ ਤਿੱਤਲੀਆਂ ਫੜਦੀ
ਹੋਵੇਗੀ
ਆਪਣੇ ਹੁਸਨ ਦੀ
ਕਾਸ਼ਨੀ ਚਾਂਦਨੀ 'ਚ
ਕਦੀ ਡੁੱਬਦੀ
ਕਦੀ ਤਰਦੀ ਹੋਵੇਗੀ
ਆਪਣੇ ਅੰਗ ਤੇ ਨਕਸ਼ਾਂ
ਨੂੰ
ਕੂਚ ਕੂਚ ਧਰਦੀ ਹੋਵੇਗੀ
ਆਪਣੀਆਂ
ਗੋਲਾਈਆਂ ਨਾਪਦੀ
ਤੇ ਪਰ੍ਛਾਵੇਂ ਫੜਦੀ ਹੋਵੇਗੀ

-0-

ਤੇਰੇ
ਦਿਲ ਤੇ ਦਸਤਕ ਹੋਈ
ਤਾਂ ਤੂੰ ਦਰ ਖੋਲ੍ਹਿਆ
ਤੇਰਾ ਹੀ ਸਾਇਆ
ਤੇਰੀ ਦੇਹ ਚੋਂ ਬੋਲਿਆ
ਮੈਂ ਹੀ
ਤੇਰਾ ਭੂਤ ਭਵਿੱਖ ਤੇ
ਅੱਜ ਹਾਂ
ਮੈਂ ਹੀ
ਤੇਰੀਆਂ ਨਜ਼ਰਾਂ ਦਾ ਸੱਚ
ਹਾਂ
ਜੋ ਤੇਰੀ ਦੇਹ ਤੋਂ
ਲੰਮੇਰਾ ਹੋ ਗਿਆ ਸੀ
ਆਪਣੇ ਬਿੰਦੂ ਚੁਫੇਰੇ
ਖੋਹ ਗਿਆ ਸੀ

-0-

ਹੁਣ ਮੈਂ
ਬਿੰਦੂ 'ਚ ਪਰਤ ਆਇਆ
ਹਾਂ
ਤੇਰੇ ਦਿਲ
ਆਪਣੇ ਸੱਚ 'ਚ ਸਮਾਇਆ
ਹਾਂ
ਦਰਵਾਜ਼ੇ ਤੋਂ ਨਜ਼ਰਾਂ ਹਟਾ

ਦਿਲ ਦੇ ਵਿਹੜੇ
ਉਤਰ ਆ
ਮੈਂ ਤੈਨੂੰ ਨਜ਼ਰ ਆਵਾਂਗਾ
ਤੇਰੇ ਅੰਦਰ ਤੇ ਦੁਆਲੇ
ਨੂਰ ਵਾਂਗ ਪਸਰ ਜਾਵਾਂਗਾ
ਤੂੰ ਮੇਰੇ ਸਾਏ ਦਾ ਸੱਚ ਹੈਂ
ਮੈਂ ਤੇਰਾ ਸੱਚ ਹੀ ਕਹਾਵਾਂਗਾ

-0-

ਪ੍ਰਭਾਤ ਹੋਈ ਹੈ
ਹੌਲੀ ਹੌਲੀ ਦਿਨ ਚੜ੍ਹੇਗਾ
ਸੂਰਜ ਦੀ ਟਿੱਕੀ
ਜਦ ਅੰਬਰ ਨੂੰ ਛੋਹੇਗੀ
ਤਾਂ
ਤੇਰੀ ਮੇਰੀ ਸੰਦਲੀ ਮੁਲਾਕਾਤ
ਹੋਏਗੀ
ਚੰਨਾਂ ਸੂਰਜਾਂ ਤਾਰਿਆਂ ਦੀ
ਬਰਾਤ ਹੋਏਗੀ

------

## ਪਿੰਜਰਾ ਤੇ ਪੰਛੀ

ਪੰਛੀ
ਆਪਣਾ ਹੀ ਪਿੰਜਰਾ
ਜੀਅ ਰਿਹਾ ਸੀ
ਉਸ 'ਚ ਹਿੰਮਤ ਸੀ
ਧੁਨ ਸੀ ਸਾਹਸ ਸੀ
ਹਸ਼ਰ ਦਾ ਸੱਚ ਸੀ
ਸੱਚ ਦਾ ਆਗ਼ਾਜ਼ ਸੀ

-0-

ਉਸਨੂੰ
ਆਪਣੀਆਂ ਖੁੱਲ੍ਹੀਆਂ
ਉੱਡਾਰੀਆਂ ਦੀ ਕਦਰ ਤੇ
ਮੁੱਲ ਦੀ ਪਿਆਸ ਸੀ
ਆਪਣੇ ਪ੍ਰਵਾਜ਼ ਦੀ ਗਹਿਰਾਈ
ਤੇ ਉੱਚਾਈ ਜਾਣਨ ਲਈ ਉਹ
ਉਦਾਸ ਸੀ
ਪ੍ਰਵਾਜ਼ ਤੇ ਮੰਜ਼ਿਲ ਦਾ
ਸਿਖ਼ਰ ਭਾਲਣ ਦੀ
ਉਸਨੂੰ ਤਲਾਸ਼ ਸੀ
ਪ੍ਰਵਾਜ਼ ਦਾ ਅੰਤ ਤੇ ਹੱਦ
ਵੇਖਣ ਦੀ
ਅਭੀਲਾਸ਼ਾ ਸੀ

-0-

ਪ੍ਰਵਾਜ਼ ਤੋਂ ਪਹਿਲਾਂ ਦੀ
ਕੀ ਅਵੱਸਥਾ ਹੈ
ਤੱਕ ਅੱਪੜਨਾ ਚਾਹੁੰਦਾ ਸੀ
ਆਜ਼ਾਦ ਫਿਜ਼ਾਂ ਦੀ ਕੁੱਖ਼
ਗੁਲਾਮੀ ਹੰਢਾਉਣਾ ਚਾਹੁੰਦਾ ਸੀ
ਉਹ
ਆਪਣਾ ਸਭ ਕੁੱਝ ਦਾਅ
ਤੇ ਲਗਾ
ਕੁੱਝ ਵੇਖਣਾ ਚਾਹੁੰਦਾ ਸੀ
ਕੁੱਝ ਪਾਉਣਾ ਚਾਹੁੰਦਾ ਸੀ

-0-

ਇਸ ਪ੍ਰਯੋਜਨ ਲਈ
ਪੰਛੀ ਨੇ ਆਪਣੇ ਦੁਆਲੇ
ਆਪਣੀ ਕੈਦ ਸਿਰਜ ਲਈ
ਪਿੰਜਰਾ ਸਿਰਜ ਲਿਆ
ਖੁੱਲ੍ਹਤਾ ਦੀ ਬੰਦਸ਼ ਦੀ
ਔਕਾਤ ਸਿਰਜ ਲਈ
ਖੰਭਾਂ ਚੋਂ ਪ੍ਰਵਾਜ਼
ਨਿਚੋੜਿਆ
ਗਤੀਆਂ ਦੇ ਚਸ਼ਮੇ ਤੇ
ਪੱਥਰ ਧਰ ਦਿਤੇ

ਨਜ਼ਰਾਂ ਚੋਂ
ਦਿਸਹੱਦੇ ਉਤਾਰ ਕੇ
ਪਿੰਜਰੇ 'ਚ ਪੈ ਗਿਆ
ਆਜ਼ਾਦੀ ਤੇ ਪ੍ਰਵਾਜ਼ ਚੋਂ
ਗੁਲਾਮੀ ਸਿਰਜ ਲਈ
ਪਿੰਜਰੇ ਦੀ ਕੈਦ ਬਣਕੇ
ਰਹਿ ਗਿਆ

-0-

ਪ੍ਰਵਾਜ਼ ਪੰਛੀ ਦੇ
ਖੰਭ ਤਿਆਗ
ਪੰਛੀ ਦੀ ਸੋਚ 'ਚ ਵਸ ਗਿਆ
ਆਜ਼ਾਦੀ ਪੰਛੀ ਦੀ
ਦੇਹ ਤਿਆਗ
ਮਨ 'ਚ ਉਤਰ ਗਈ
ਰਾਹਾਂ ਮੰਜ਼ਿਲਾਂ ਤੇ
ਉਡਾਰੀਆਂ
ਪੈਰਾਂ ਤੇ ਖੰਭਾਂ ਦੀ ਧਰਤ
ਤਿਆਗ
ਸਿਰ 'ਚ ਵਸ ਗਈਆਂ

-0-

ਪੰਛੀ ਪਿੰਜਰਾ ਜਿਉਂਦਾ
ਰਿਹਾ

ਪਿੰਜਰਾ
ਪੰਛੀ ਦੀ ਦੇਹ ਹੰਢਾਉਂਦਾ
ਰਿਹਾ
ਆਖ਼ਿਰ
ਪਿੰਜਰੇ ਨੇ ਪੰਛੀ ਨੂੰ
ਉਸਦਾ ਸੱਚ ਜਿਉਣ
ਤੇ ਹੰਢਾਉਣ ਦਾ ਆਦੀ
ਬਣਾ ਦਿਤਾ
ਪੰਛੀ ਆਪਣੀ ਸੋਚ
ਜਿਉਂਦਾ ਮਨ 'ਚ ਹੰਢਾਉਂਦਾ
ਆਪਣਾ ਪ੍ਰਵਾਜ਼
ਭਰਦਾ ਰਿਹਾ
ਅਕਾਸ਼ ਤੇ ਉੱਡਾਰੀਆਂ
ਲਾਉਂਦਾ ਰਿਹਾ
ਮਨ ਦੀ ਆਜ਼ਾਦ ਫਿਜ਼ਾ
'ਚ ਭੌਂਦਾ ਰਿਹਾ
ਤਰਾਨੇ ਮੌਸਮਾਂ ਬਹਾਰਾਂ
ਰੁੱਤਾਂ ਦੇ ਗਾਉਂਦਾ ਰਿਹਾ

-0-

ਪਿੰਜਰੇ ਦੀ ਕੈਦ ਨੇ
ਪੰਛੀ ਨੂੰ ਪੰਛੀ ਦੇ ਅੰਦਰ ਦਾ
ਸੱਚ ਵਿਖਾ ਦਿੱਤਾ

ਪੰਛੀ ਨੂੰ
ਆਪਣਾ ਸੱਚ ਜਿਉਣਾ
ਸਿੱਖਾ ਦਿੱਤਾ
ਪੰਛੀ ਹੁਣ ਆਪਣੀ ਦੇਹ
ਤੇ ਪ੍ਰਾਣਾਂ ਦੀ ਮੁਥਾਜ਼ੀ
ਤੋਂ ਬਿਨਾਂ
ਪਿੰਜਰੇ ਦੀ ਕੈਦ ਵਿਸਾਰਦਾ
ਆਪਣੀ ਸੋਚ ਤੇ ਮਨ ਦੀ
ਸੁਤੰਤਰ ਹੋਂਦ ਜਿਉਂਦਾ
ਸਾਗਰਾਂ ਤੇ
ਅਕਾਸ਼ਾਂ ਤੇ ਉੱਡਦਾ
ਪੌਣਾਂ 'ਚ ਤਾਰੀਆਂ
ਲਾਉਂਦਾ
ਜੰਗਲ ਜੂਹਾਂ ਤੇ ਬੇਲੇ
ਗਾਹੁੰਦਾ

-0-

ਆਪਣੇ ਪ੍ਰਵਾਜ਼ ਤੇ
ਆਜ਼ਾਦੀ ਦੇ ਮੁੱਲ ਦਾ
ਅਹਿਸਾਸ ਵੀ
ਆਪਣੇ ਮਨੋ ਵਿਸਾਰਦਾ
ਜਿਥੇ ਦੇਹ ਪਹੁੰਚ ਨਹੀਂ ਸਕਦੀ

ਦ੍ਰਿਸ਼ਟੀ ਜਾ ਨਹੀਂ ਸਕਦੀ
ਸੁਫ਼ਨੇ 'ਚ ਵੀ
ਜਿਨ੍ਹਾਂ ਅਕਾਸ਼ਾਂ ਮੰਡਲਾਂ
ਬ੍ਰਹਿਮੰਡਾਂ ਦੀ ਸੂਰਤ ਆ
ਨਹੀਂ ਸਕਦੀ
ਕੁਦਰਤ ਦੀ ਅਕਾਰ ਰਹਿਤਤਾ
ਦਾ ਸਫ਼ਰ ਕਰਦਾ
ਮਨ-ਬੁੱਧੀ ਸੋਚ ਦੇ ਸਹਾਰੇ
ਪ੍ਰਵਾਜ਼ ਭਰਦਾ
ਤਾਰਕਾ ਮੰਡਲਾਂ 'ਚ
ਉੱਡਦਾ
ਪੁਰੀਆਂ ਦੇ ਬਦਨ
ਤਰਦਾ
ਸਭ ਕੈਦਾਂ ਪਿੰਜਰਿਆਂ
ਤੇ ਗ਼ੁਲਾਮੀ ਤੋਂ ਮੁਕਤ
ਆਪਣੇ ਨੂਰ 'ਚ
ਉਤਰਦਾ
ਨੂਰ ਨੂੰ ਆਪਣੇ 'ਚ
ਉਤਾਰਦਾ

–0–

ਆਪਣਾ ਸੱਚ ਜਿਉਂਦਾ
ਆਪਣਾ ਚਾਨਣ ਪੀਂਦਾ

ਆਪਣੇ ਨੂਰ ਦਾ ਨਿੱਘ
ਮਾਣਦਾ
ਪੂਰਨ ਸੁਤੰਤਰਤਾ
ਹੰਢਾਉਂਦਾ
ਆਪਣੀ ਪਹਿਚਾਣ ਭੁੱਲ
ਗਿਆ
ਆਪਣੇ ਆਦਿ ਅੰਤ ਤੇ
ਜੀਵਨ ਪ੍ਰਯੋਜਨ ਦੀ
ਪਹਿਚਾਣ ਹੋ ਗਿਆ
ਪੂਰਨ ਸੁਤੰਤਰਤਾ 'ਚ
ਵਸਿਆ
ਤੇ ਅਬਾਦ ਹੋ ਗਿਆ
ਪੰਛੀ
ਹੁਣ ਆਪਣੇ ਕੰਠ ਚੋਂ
ਪਿੰਜਰਾ ਹੀ ਪਿੰਜਰਾ
ਪੁਕਾਰਦਾ
ਜਿਸਦੀ ਕੈਦ 'ਚ
ਉਸਨੇ ਆਪਣਾ ਸੱਚ
ਪਾਇਆ ਸੀ
ਤੇ
ਪੂਰਨ ਸੁਤੰਤਰਤਾ ਦੇ ਸੱਚ
ਤੱਕ ਅੱਪੜ ਆਇਆ ਸੀ

-----

## ਆਪਣੇ ਜਿਹਾ

ਉਹ
ਆਪਣੀ ਬੋਲੀ
ਆਪਣਾ ਵਜੂਦ
ਆਪਣਾ ਜੀਵਨ ਧਰਾਤਲ
ਆਪਣੇ ਜਿਹਾ
ਬਨਾਉਣਾ ਚਾਹੁੰਦਾ ਸੀ
ਆਪਣੇ ਬੀਜ ਚੋਂ
ਆਪਣੀ ਮਰਜ਼ੀ ਦਾ
ਰੁੱਖ ਉੱਗਾਉਣਾ ਚਾਹੁੰਦਾ ਸੀ
ਆਪਣੀ
ਮਰਜ਼ੀ ਮੁਤਾਬਕ ਜੀਣਾ
ਚਾਹੁੰਦਾ ਸੀ
ਆਪਣੀ ਮਰਜ਼ੀ ਮੁਤਾਬਕ
ਜੀਵਨ
ਹੰਢਾਉਣਾ ਚਾਹੁੰਦਾ ਸੀ

-0-

ਪਰ ਉਸ ਦੇ ਵਰਤਮਾਨ ਨੇ
ਉਸਨੂੰ ਮਰਜ਼ੀ ਦਾ
ਭੂਤ ਸਿਰਜਣ ਨਾ ਦਿੱਤਾ
ਉਸਨੂੰ ਮਰਜ਼ੀ ਦਾ ਭਵਿੱਖ
ਬੁਣਨ ਨਾ ਦਿੱਤਾ

-0-

ਨਾ ਉਹ
ਆਪਣੇ ਢੰਗ ਦਾ ਬਚਪਨ
ਗੁਜ਼ਾਰ ਸਕਿਆ
ਨਾ ਉਹ
ਆਪਣੀ ਮਰਜ਼ੀ ਦੀ
ਜਵਾਨੀ ਜੀਅ ਸਕਿਆ
ਨਾ ਬੁਢਾਪਾ ਹੰਢਾਅ
ਸਕਿਆ
ਉਸਨੇ ਜੀਵਨ 'ਚ
ਗੁਵਾਇਆ ਹੀ ਗਵਾਇਆ ਸੀ
ਜੀਵਨ 'ਚ
ਕੁਝ ਵੀ ਨਾ ਪਾਇਆ ਸੀ

-0-

ਉਸ ਦਰਪਣ ਚੋਂ
ਆਪਣਾ ਚਿਹਰਾ ਤੱਕਿਆ
ਜੋ ਤਿੜਕਿਆ ਨਹੀਂ ਸੀ
ਕਿਉਂਕਿ
ਉਹ ਚਿਹਰਾ ਦਰਪਣ ਅਨੁਕੂਲ ਸੀ
ਜੇ ਉਹ ਚਿਹਰਾ
ਉਸਦੀ ਮਰਜ਼ੀ ਦਾ ਹੁੰਦਾ
ਤਾਂ ਤਿੜਕ ਜਾਂਦਾ ਬਿਖ਼ਰ ਜਾਂਦਾ

-0-

ਕਿਉਂਕਿ
ਉਹ ਆਪਣਾ
ਚਿਹਰਾ ਲੈ ਕੇ
ਅਜ਼ਨਬੀ ਚਿਹਰਿਆਂ 'ਚ
ਕਿੰਜ ਜਿਉਂਦਾ
ਅਜ਼ਨਬੀ ਦਰਪਣ ਚੋਂ
ਆਪਣਾ ਚਿਹਰਾ ਕਿੰਜ
ਸੀਂਦਾ
ਉਹ ਕਿੰਜ
ਅੰਮ੍ਰਿਤ ਦੇ ਪਿਆਲੇ 'ਚ
ਜ਼ਹਿਰ ਭਰ ਲੈਂਦਾ
ਉਹ
ਆਪਣਾ ਸਿਰ ਕਿਵੇਂ
ਗ਼ੈਰ ਦੇ ਧੜ ਤੇ ਧਰ ਲੈਂਦਾ

-0-

ਉਹ
ਆਪਣੇ ਬੀਜ ਚੋਂ
ਆਪਣੀ ਮਰਜ਼ੀ ਦਾ ਰੁੱਖ
ਉੱਗਾਉਣਾ ਚਾਹੁੰਦਾ ਸੀ
ਉਸ
ਆਪਣਾ ਸਿਰ ਕੱਟਿਆ
ਤੇ ਤਲੀ ਤੇ ਧਰ ਲਿਆ

ਉਹ
ਗ਼ੈਰਾਂ ਦੇ ਸਿਰਾਂ ਲਈ
ਜੀਅ ਗਿਆ
ਆਪਣਾ ਵਜ਼ੂਦ ਸਿਰਜਦਾ
ਸਿਰਜਦਾ
ਹੀ ਮਰ ਗਿਆ
ਨਾ ਉਸਨੂੰ ਆਪਣੀ
ਮਰਜ਼ੀ ਦਾ ਜੀਵਨ ਹੀ ਮਿਲਿਆ
ਨਾ ਆਪਣੀ ਮਰਜ਼ੀ ਦੀ
ਮੌਤ ਹੀ ਮਿਲੀ
ਉਹ ਮੌਤ 'ਚ ਜ਼ਿੰਦਗੀ
ਜ਼ਿੰਦਗੀ 'ਚ ਮੌਤ ਧਰ ਗਿਆ

-----

# ਸ਼ੀਸ਼ੇ ਦਾ ਸ਼ਹਿਰ

(ਕਾਵਿ-ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼

ਪੰਜਾਬ ਬੁੱਕ ਸੈਂਟਰ

# ਤਤਕਰਾ


1. ਪੱਥਰ ਦੇ ਪੈਰ
2. ਸ਼ਰਾਬਣ ਕਵਿਤਾ
3. ਬੰਦ ਕਮਰਾ
4. ਸ਼ਰਨਾਰਥੀ
5. ਰਾਸ਼ਟਰ
6. ਲਕੀਰਾਂ
7. ਦਾਨ
8. ਸੋਚ ਤੇ ਡਰ
9. ਮੁਕਤੀ
10. ਗਤੀ ਦੀ ਤਲਾਸ਼
11. ਗੱਲ ਸੀ
12. ਵਿੱਦਿਆ
13. ਸਟੇਸ਼ਨ
14. ਬਜ਼ਾਰ ਦਾ ਸੱਚ
15. ਪੱਥਰ ਦਾ ਮਨੁੱਖ
16. ਮਿੱਟੀ ਦੀ ਕਵਿਤਾ
17. ਅੰਗ ਤੇ ਨਕਸ਼
18. ਉਹ ਕੌਣ ਸੀ
19. ਅਰਥਾਂ ਦਾ ਕਤਲ
20. ਪਹਾੜ ਤੇ ਜ਼ਰਾ
21. ਸ਼ਨਾਖ਼ਤ ਦੀ ਤਲਾਸ਼
22. ਪੂਰਣ ਹੱਤਿਆ
23. ਜ਼ਿੰਦਗੀ ਦੀ ਦੌੜ
24. ਪੁੱਠੇ ਪੈਰਾਂ ਦਾ ਸਫ਼ਰ
25. ਸੁਖ਼ਨਾ
26. ਜਿਨ੍ਹਾਂ ਜੀਅ ਲਿਆ

## ਪੱਥਰ ਦੇ ਪੈਰ

ਕਿਉਂ ਪੱਥਰ ਹੋ ਕੇ ਬੈਠਾ ਹੈਂ
ਆਪਣੇ ਹੀ ਰੁੱਖ ਹੇਠ
ਕਾਫ਼ਲਾ ਲੰਘ ਰਿਹਾ ਹੈ
ਕਾਫ਼ਲੇ ਵੱਲ਼ ਵੇਖ

-0-

ਰੁੱਖਾਂ ਦੇ ਜੰਗਲ ਚੋਂ
ਜਨਮੇਂ ਨੇ
ਕਈ ਸ਼ੀਸ਼ੇ ਦੇ ਸ਼ਹਿਰ
ਰੰਗੀਨੀਆਂ ਰੌਣਕਾਂ ਹੰਢਾ
ਰਹੇ ਲੋਕਾਂ ਨੂੰ ਵੇਖ
ਪੱਥਰਾਂ ਨੇ ਧਾਰਿਆ ਹੈ
ਖਲਕਤ ਲਈ ਘਰਾਂ ਦਾ ਰੂਪ
ਚੁੱਲ੍ਹਿਆਂ ਚੋਂ ਨਿਕਲਦੇ
ਧੂੰਏਂ ਨੂੰ ਵੇਖ
ਸੜਕਾਂ ਚੌਕਾਂ ਚੌਰਾਹਿਆਂ 'ਚ
ਉੱਠਦੀ ਬੈਠਦੀ
ਤੁਰਦੀ ਜ਼ਿੰਦਗੀ ਨੂੰ ਵੇਖ
ਵੇਖ
ਸ਼ਹਿਰ ਦੀਆਂ ਕਾਰਾਂ ਦੀ ਭੀੜ 'ਚ

ਸੜਕ ਤੇ
ਇਕ ਪਰਿੰਦਾ ਦਾਣਾ ਚੁਗ ਰਿਹਾ
ਤੇ ਸ਼ਹਿਰ ਦੀ
ਅਠਾਰਵੀਂ ਮੰਜ਼ਿਲ ਤੇ
ਆਪਣੇ ਆਲ੍ਹਣੇ ਵੱਲ ਮੁੜ ਰਿਹਾ

-0-

ਵੇਖ
ਪਰਤ ਆਈ ਹੈ ਹਰਿਆਵਲ
ਮੁੜ ਸ਼ੀਸ਼ੇ ਦੇ ਸ਼ਹਿਰ 'ਚ
ਕੁਦਰਤ 'ਚ ਵਾਪਸ ਪਰਤਦੀ
ਜ਼ਿੰਦਗੀ ਨੂੰ ਵੇਖ
ਫੁੱਟ ਰਹੇ ਨੇ ਚਸ਼ਮੇ
ਪੱਥਰ ਦੇ ਸੀਨੇ ਚੋਂ
ਨਦੀਆਂ ਦਰਿਆਵਾਂ
ਝਰਨਿਆਂ ਨੂੰ
ਉਤਰਦੇ ਸਾਗਰ 'ਚ ਵੇਖ

-0-

ਵੇਖ
ਨਜ਼ਰਾਂ ਦੇ ਦਿਸਹੱਦੇ ਤੇ ਗੌਰ ਨਾਲ
ਧਰਤੀ ਤੇ ਅੰਬਰ ਨੇ ਮਿਲ ਰਹੇ
ਵੇਖ ਸੁੱਕਿਆ ਰੁੱਖਾਂ ਚੋਂ
ਪੱਤੇ ਨੇ ਪੁੰਗਰ ਰਹੇ

ਦੇਖ
ਕਬਰਾਂ ਦੀ ਖ਼ਾਮੋਸ਼ੀ ਹੈ ਬੋਲਦੀ
ਦੇਖ
ਕਬਰਾਂ 'ਚ ਸੁੱਤੀ ਜ਼ਿੰਦਗੀ
ਮੁੜ ਜ਼ਿੰਦਗੀ ਹੈ ਟੋਲ੍ਹਦੀ

-0-

ਦੇਖ
ਰਾਹ ਨੇ ਮੰਜ਼ਿਲਾਂ ਤਲਾਸ਼ਦੇ
ਦੇਖ
ਪੰਛੀ ਝੱਖੜਾਂ 'ਚ
ਆਪਣੇ ਆਲ੍ਹਣੇ ਉਸਾਰਦੇ
ਦੇਖ
ਸਹਿਰਾ ਤੁਰਿਆ ਹੈ
ਸਾਗਰ ਦੀ ਭਾਲ 'ਚ
ਦੇਖ
ਗਤੀਆਂ ਜਾਗੀਆਂ
ਪੱਥਰਾਂ ਦੇ ਖ਼ਿਆਲ 'ਚ

-0-

ਜਿੱਥੇ
ਤਾਰਿਆਂ ਦੀ ਮਹਿਫ਼ਲ
ਚੰਨਾਂ ਸੂਰਜਾਂ ਦੀ ਰੌਸ਼ਨੀ ਨਹੀਂ
ਉਹ ਅਕਾਸ਼ ਨਹੀਂ
ਜਿੱਥੇ ਧਰਤ ਦੀ ਮਹਿਕ ਨਹੀਂ

ਉਸ ਧਰਤ ਤੇ
ਮਨੁੱਖਤਾ ਦਾ ਵਾਸ ਨਹੀਂ
ਜਿਸ ਹਵਾ 'ਚ ਗਤੀ ਨਹੀਂ
ਉਹ ਹਵਾ
ਹਵਾ ਦਾ ਰੂਪ ਨਹੀਂ
ਜਿਸ ਅੱਗਣ ਵਿਚ ਤੇਜ਼ ਨਹੀਂ
ਉਹ ਅੱਗਣ
ਅੱਗਣ ਦਾ ਸਰੂਪ ਨਹੀਂ
ਜਿਸ ਜਲ 'ਚ ਰੱਸ ਨਹੀਂ
ਉਸ ਜਲ 'ਚ
ਜੀਵਨ ਸ਼ਕਤੀ ਦਾ ਬਲ ਨਹੀਂ

–0–

ਅਪਣਾ ਅਕਾਸ਼
ਜਿਉਂਦਾ ਰੱਖਣ ਲਈ
ਧਰਤੀ ਦੀ ਮਹਿਕ ਦੀ ਖ਼ਾਤਰ
ਕਾਫ਼ਲੇ 'ਚ ਉਤੱਰ
ਕਾਫ਼ਲੇ ਦੇ ਪੈਰਾਂ ਦੀ ਗਤੀ ਹੋ
ਵਿਚਰ ਜਾ
ਅੱਗਣ ਖ਼ਾਤਰ ਹਵਾ ਖ਼ਾਤਰ
ਕਾਫ਼ਲੇ ਦੇ ਵਜੂਦ ਦੇ ਸਾਹਾਂ 'ਚ
ਉਤਰ ਜਾ
ਜਲ ਖ਼ਾਤਰ
ਕਾਫ਼ਲੇ ਦੀ ਹੋਂਦ ਦੇ ਸੱਚ 'ਚ ਸਮਾ

–0–

ਤੇਰੇ 'ਚ
ਕਾਫ਼ਲੇ ਦਾ ਕਾਫ਼ਲਾ
ਉਤਰ ਜਾਏਗਾ
ਤੇਰੀਆਂ ਨਜ਼ਰਾਂ 'ਚ ਮੰਜ਼ਿਲਾਂ
ਪੈਰਾਂ 'ਚ ਰਾਹ ਉੱਗਾਏਗਾ
ਜੀਵਨ ਦਾ ਸਾਗਰ
ਤੇਰੇ ਥਲ 'ਚ ਪਰਤ ਆਏਗਾ
ਤੂੰ ਜੀਵਨ ਦਾ ਸੱਚ ਹੰਢਾਏਂਗਾ
ਜੀਵਨ ਸੱਚ ਦਾ ਸੂਰਜ
ਤੇਰੇ ਚੋਂ ਚੜ੍ਹਦਾ ਨਜ਼ਰ ਆਏਗਾ

------

## ਸ਼ਰਾਬਣ ਕਵਿਤਾ

ਇੱਕ
ਸ਼ਰਾਬਣ ਕਵਿਤਾ ਨੂੰ
ਮੈਂ ਢੂੰਡਦਾ ਢੂੰਡਦਾ
ਜਿਸ ਕੋਠੇ ਦੀਆਂ ਪਾਉੜੀਆਂ
ਚੜ੍ਹਿਆ
ਉਸ ਕੋਠੇ ਤੇ ਆ ਕੇ
ਹਰ ਇੱਕ
ਆਪਣਾ ਸਭ ਕੁੱਝ ਹਰਿਆ

-0-

ਸੁਰ ਸੰਗੀਤ ਨ੍ਰਿਤ ਸਾਜ਼ ਦੀ
ਇਹ ਦੁਨੀਆਂ ਹੈ
ਪੈਰ ਪੈਰ ਤੇ ਲੱਗੇ
ਜਿਸਮਾਂ ਦੇ ਬਜ਼ਾਰ ਸਜੇ ਹਨ
ਕਾਮ ਦੇ ਤਾਲ ਤੇ ਨੱਚਦੀ
ਵਾਸ਼ਨਾ ਦੇ ਦਰਬਾਰ ਸਜੇ ਹਨ

-0-

ਜਵਾਨ ਜਿਸਮਾਂ ਦੀ ਖ਼ੁਸ਼ਬੂ
ਦਾ ਆਰਕਸ਼ਣ ਹੈ
ਇਸ ਕੋਠੇ ਦੀ ਦੁਨੀਆਂ ਦਾ
ਆਪਣਾ ਚਿਹਰਾ ਹੈ
ਆਪਣਾ ਦਰਪਣ ਹੈ

ਚਿਹਰੇ ਅੰਗਾਂ ਨਕਸ਼ਾਂ ਦੀ
ਵੱਖਰੀ ਕੋਈ ਨੁਹਾਰ ਨਹੀਂ
ਨਜ਼ਰਾਂ 'ਚ ਨਜ਼ਰਾਂ ਦੀ
ਇਸ ਮੰਡੀ 'ਚ
ਜਿਸਮਾਂ ਬਿਨਾਂ
ਕੋਈ ਵਿਓਪਾਰ ਨਹੀਂ

-0-

ਕੁੱਝ ਸਿੱਕਿਆਂ ਦੇ ਬਦਲੇ
ਸੁੰਦਰ ਪਰੀਆਂ
ਗ਼ਮਾਂ ਦੇ ਵੱਟੇ ਖ਼ੁਸ਼ੀਆਂ ਵੇਚਣ
ਰੁਕੇ ਜੀਵਨ ਲਈ
ਗਤੀਆਂ ਵੇਚਣ
ਆਪਣੇ ਹੱਡ ਬਾਲ ਬਾਲ ਕੇ
ਠਰ੍ਹੇ ਕਾਮ ਦੇ ਪਿੰਡੇ ਸੇਕਣ
ਹਰ ਇਕ
ਕਾਮ ਦੇ ਕੀੜੇ ਦੀ
ਅੱਗ ਬੁਝਾਵਣ
ਹਰ ਕੀੜੇ ਦੀ ਵਾਸ਼ਨਾਂ 'ਚ ਉਤਰ
ਜਾਵਣ

-0-

ਇਸ ਕੋਠੇ ਤੇ
ਔਰਤ ਮਾਂ ਭੈਣ ਧੀ ਪਤਨੀ
ਕਿਸੇ ਵੀ ਰਿਸ਼ਤੇ 'ਚ ਨਹੀਂ ਵੰਡੀ

ਸਮਾਜ ਦੀਆਂ
ਰਸਮਾਂ ਰੀਤਾਂ ਰਿਵਾਜ਼ਾਂ ਦਾ
ਬੋਝ ਉਤਾਰੀ
ਆਪਣੀ ਜ਼ਮੀਰ ਦਾ ਸੱਚ ਮਾਰੀ
ਕੋਠੇ ਦੀ ਹਰ ਔਰਤ ਹੈ ਰੰਡੀ

-0-

ਇਹ ਕੋਠਾ
ਜਿਸਮਾਂ ਦੇ ਵਿਓਪਾਰ ਦੀ ਮੰਡੀ
ਖ਼ਰੀਦਦਾਰ ਦੀ
ਚਾਹਤ ਦਾ ਮੁੱਲ ਹੈ
ਵਿਕਣ ਵਾਲੇ ਦੀ ਚਾਹਤ ਕੋਈ ਨਹੀਂ
ਜੋ ਕਿਸੇ ਨਾਲ਼
ਇਕ ਪਲ ਵੀ ਰਹਿ ਨਹੀਂ ਸਕਦਾ
ਸਿੱਕਿਆਂ ਬਦਲੇ
ਉਸਦਾ ਜਿਸਮ ਹੰਢਾਉਂਦਾ
ਤੱਕਿਆ ਹੈ
ਹੁਸਨ ਮੀਚ ਦੇ ਦੀਦੇ ਆਪਣੇ
ਕੋਹੜ ਦਾ ਪਿੰਡਾ
ਗਾਹੁੰਦਾ ਤੱਕਿਆ ਹੈ

-0-

ਇਕ ਸ਼ਰਾਬਣ ਕਵਿਤਾ ਦੀ
ਭਾਲ ਨੇ ਮੈਨੂੰ
ਇਹ ਕੀ ਹੈਂ ਵਿਖਾ ਦਿੱਤਾ

ਇਕ ਤਿੱਤਲੀ ਨੇ
ਆਪਣੇ ਰੰਗਾਂ ਦੀ ਰੰਗਤ ਨੂੰ
ਚੰਦ ਸਿੱਕਿਆਂ ਖ਼ਾਤਿਰ
ਇਕ ਸੱਪ ਦੇ ਹੈ ਮੂੰਹ ਵਿਚ ਪਾ ਦਿੱਤਾ

-0-

ਮੇਰੀ ਸ਼ਰਾਬਣ ਕਵਿਤਾ
ਠੇਕੇ ਦਾ ਰਾਹ ਭੁੱਲਾ ਕੇ ਮੈਨੂੰ
ਹੈ ਕਿਹੜੇ ਰਾਹੇ ਪਾ ਦਿੱਤਾ
ਆਪਣਾ ਰੰਗ ਛੁਪਾ ਕੇ
ਮੈਨੂੰ ਕਿਹੜਾ ਰੰਗ ਵਿਖਾ ਦਿੱਤਾ

-0-

ਮੇਰੀ ਕਵਿਤਾ
ਸ਼ਰਾਬਣ ਹੋਈ ਵੀ
ਆਪਣੇ ਕਿਰਦਾਰ ਤੋਂ
ਗਿਰ ਨਹੀਂ ਸਕਦੀ
ਸਭ ਕੁੱਝ ਹੀ ਕਰ ਸਕਦੀ ਹੈ
ਪਰ ਜ਼ਿੰਦਗੀ ਤੋਂ ਭੱਜ ਨਹੀਂ ਸਕਦੀ
ਕੋਠੇ ਦੀਆਂ ਪਾਉੜੀਆਂ ਚੜ੍ਹ ਕੇ
ਜਿਸਮ ਵੇਚਣ ਲਈ ਸੋਚ ਨਹੀਂ ਸਕਦੀ
ਜਿਸਮਾਂ ਦੀ
ਇਸ ਮੰਡੀ 'ਚ
ਸਿਰ ਤਲੀ ਤੇ ਧਰ ਨਹੀਂ ਸਕਦੀ

-0-

ਇਹ
ਉਸ ਬਾਗ਼ੀ ਸ਼ਾਇਰ ਦੀ ਰੂਹ ਹੈ
ਪਿਆਰ ਮੁਹੱਬਤ ਦੀ ਖ਼ੁਸ਼ਬੂ ਹੈ
ਜਿਸਨੂੰ
ਇਹ ਸਹਿ ਨਹੀਂ ਸਕਦੀ
ਉਸ ਨਾਲ ਕਦੀ ਵੀ
ਇਕ ਪਲ ਰਹਿ ਨਹੀਂ ਸਕਦੀ
ਆਪਣੀ ਔਕਾਤ ਭੁੱਲਾ ਨਹੀਂ ਸਕਦੀ
ਚੰਦ ਸਿੱਕਿਆਂ ਦੇ ਲਾਲਚ ਖ਼ਾਤਰ
ਆਪਣੇ ਸੁਰਖ਼ ਰੰਗਾਂ ਨੂੰ
ਕਿਸੇ ਸੱਪ ਦੇ ਮੂਹ ਵਿਚ
ਪਾ ਨਹੀਂ ਸਕਦੀ
ਕਵਿਤਾ ਤੋਂ ਰੰਡੀ ਅਖਵਾ ਨਹੀਂ ਸਕਦੀ

–0–

## ਬੰਦ ਕਮਰਾ

ਉਹ
ਇਕ ਬੰਦ ਕਮਰਾ ਸੀ
ਬੰਦ ਕਮਰੇ ਦੀ ਚੁੱਪ ਸੀ
ਸ਼ੋਰ ਸੀ
ਬੰਦ ਕਮਰੇ ਦੀ ਇਕਾਂਤ
ਤੇ ਉਦਾਸੀ ਹੀ ਉਸਦੇ ਕੋਲ਼ ਸੀ

-0-

ਉਹ
ਵਾਕਿਫ਼ ਨਹੀਂ ਸੀ
ਅੰਬਰ ਦੀ ਮਹਿਫ਼ਲ ਤੋਂ
ਚੰਨਾਂ ਤਾਰਿਆਂ ਦੀ ਰੌਣਕ ਤੋਂ
ਚਾਂਦਨੀ ਰਾਤ ਦੇ ਹੁਸਨ ਤੋਂ
ਜਿਸਮ 'ਤੇ
ਠੰਡੀ ਚਾਂਦਨੀ ਦੀ ਬਰਸਾਤ ਤੋਂ

-0-

ਉਹ
ਅਣਜਾਣ ਸੀ
ਕਿਰਨਾਂ ਜਨਮਦੀ
ਸੂਰਜ ਦੀ ਕੁੱਖ ਤੋਂ
ਦਿਨ ਦੇ ਚਿੱਟੇ ਚਾਨਣ ਤੋਂ
ਧੁੱਪਾਂ ਦੇ ਨਿੱਘ ਤੋਂ
ਸੂਰਜ ਦੇ ਡੁੱਬਣ ਤੇ ਚੜ੍ਹਣ ਤੋਂ

ਡੁੱਬਦੇ ਸੂਰਜ ਦੇ ਰੰਗਾਂ ਦੇ
ਢਲਣ ਤੋਂ

-0-

ਉਸਦੇ ਸੁਫ਼ਨੇ ਤੋਂ ਬਾਹਰ ਸੀ
ਗੁਲਜ਼ਾਰ ਦਾ ਚਿਹਰਾ
ਫੁੱਲਾਂ ਦੇ ਰੰਗ
ਕਲੀਆਂ ਦੀਆਂ ਖ਼ੁਸ਼ਬੂਆਂ
ਕੋਇਲ ਦਾ ਗੀਤ
ਮੋਰ ਦਾ ਨਾਚ
ਪੱਤਿਆਂ ਚੋਂ ਗੁਜ਼ਰਦੀ ਹਵਾ ਦਾ ਰਾਗ

-0-

ਉਸਨੇ ਤੱਕਿਆ ਨਹੀਂ ਸੀ
ਜੰਗਲ 'ਚ ਰੁੱਖਾਂ ਦਾ ਹਜ਼ੂਮ
ਆਲ੍ਹਣੇ ਚੋਂ ਸੁਣੀ ਨਹੀਂ ਸੀ
ਬੋਟਾਂ ਦੀ ਅਵਾਜ਼
ਤੱਕੇ ਨਹੀਂ ਸਨ
ਜੰਗਲ ਛੱਡਦੇ ਚੋਗੇ ਲਈ ਪੰਛੀ
ਤ੍ਰਿਕਾਲਾਂ ਨੂੰ
ਆਲ੍ਹਣਿਆਂ ਵੱਲ ਪਰਤਦੇ
ਥੱਕੇ ਪੰਛੀਆਂ ਦਾ ਪ੍ਰਵਾਜ਼
ਰੁੱਖਾਂ ਤੇ ਭੌਂਦੇ ਪੰਛੀਆਂ ਦੀ
ਬੋਟਾਂ ਲਈ ਅਵਾਜ਼

-0-

ਸੁਣਿਆ ਨਹੀਂ ਸੀ
ਸਾਗਰ ਚੋਂ ਉੱਠਦੀਆਂ
ਲਹਿਰਾਂ ਦਾ ਸੰਗੀਤ
ਤੱਕੀ ਨਹੀਂ ਸੀ
ਸਾਗਰ ਤੇ ਤੁਰਦੀ ਹਵਾ
ਡਿੱਠਾ ਨਹੀਂ ਸੀ
ਅੰਬਰ ਤੋਂ ਡਿੱਗਦੀਆਂ ਕਣੀਆਂ ਦਾ
ਸਾਗਰ 'ਚ ਬਦਲਦਾ ਵਜ਼ੂਦ
ਤੱਕਿਆ ਨਹੀਂ ਸੀ
ਧਰਤੀ ਤੇ ਤੁਰਦੇ ਪੰਛੀਆਂ ਦਾ
ਅੰਬਰ ਤੇ ਉੱਡਣਾ
ਤੇ ਸਾਗਰ 'ਚ ਤੈਰਨਾ

-0-

ਉਹ ਜਦ ਵੀ
ਬੰਦ ਕਮਰੇ ਚੋਂ ਬਾਹਰ ਨਿਕਲਿਆ
ਜ਼ਮੀਨ ਤੇ ਤੁਰਨਾ
ਭੁੱਲ ਗਿਆ
ਅੰਬਰ ਦੇ ਡਰ ਤੋਂ
ਆਪਣੇ ਬੂਟਾਂ 'ਚ ਸੁੰਗੜ ਗਿਆ
ਜ਼ਿੰਦਗੀ ਦੇ ਦਰਪਣ ਚੋਂ
ਉਹ ਅਲੋਪ ਸੀ
ਜੀਵਨ ਦੀ
ਨਾ ਉਸਨੂੰ ਸਮਝ ਸੀ
ਨਾ ਉਸਨੂੰ ਹੋਸ਼ ਸੀ

-0-

ਉਸਦੀ ਮਾਂ
ਉਸਨੂੰ ਸੜਕ ਤੇ ਜਨੰਮ ਦੇ ਕੇ
ਮਰ ਗਈ
ਇਕ ਬੰਦ ਕਮਰੇ ਦੀ ਚੁੱਪ ਇਕੱਲਤਾ
ਤੇ ਵਸੀਅਤ
ਉਸਦੇ ਨਾਮ ਕਰ ਗਈ

-0-

ਉਹ ਕਮਰਾ ਵੀ ਆਪ ਸੀ
ਕਮਰੇ ਦਾ ਕਲਬੂਤ
ਤੇ ਵਜ਼ੂਦ ਵੀ ਆਪ ਸੀ
ਆਪਣੀ ਚੁੱਪ ਇਕੱਲਤਾ
ਤੇ ਉਦਾਸੀ 'ਚ
ਉਹ ਆਪ ਮੌਜ਼ੂਦ ਸੀ

-0-

ਪਰ ਉਸਨੂੰ
ਆਪਣੀ ਕੋਈ ਪਹਿਚਾਣ
ਨਹੀਂ ਸੀ
ਆਪਣੀ ਕੁੱਖ ਦੀ
ਆਪਣੇ ਸੱਚ ਦੀ
ਆਪਣੀ ਸ਼ਨਾਖ਼ਤ ਦੀ
ਕੋਈ
ਸਿਆਣ ਨਹੀਂ ਸੀ

-0-

ਬਾਹਰਲੀ ਦੁਨੀਆਂ 'ਚ
ਆਪਣੀ ਪਹਿਚਾਣ ਤੋਂ ਬਿਨਾਂ
ਨਮੋਸ਼ੀ ਸੀ
ਨਮੋਸ਼ੀ ਤੋਂ ਬਿਨਾਂ
ਉਹ ਇਕ ਬੰਦ ਕਮਰਾ ਸੀ
ਕਮਰੇ ਤੋਂ ਬਿਨਾਂ
ਉਹ ਸੁਰੱਖਿਅਤ ਨਹੀਂ ਸੀ
ਉਸਦਾ ਕੋਈ ਸਥਾਨ ਨਹੀਂ ਸੀ
ਉਸਦੇ ਵਿਚਰਨ ਲਈ
ਕੋਈ ਉਸਦਾ ਜਹਾਨ ਨਹੀਂ ਸੀ
ਇਸ ਲਈ
ਉਹ ਇਕ ਬੰਦ ਕਮਰਾ ਸੀ
ਬੰਦ ਕਮਰੇ ਦੀ ਚੁੱਪ ਦਾ ਸ਼ੋਰ ਸੀ
ਬੰਦ ਕਮਰੇ ਦੀ ਇਕਾਂਤ
ਤੇ ਉਦਾਸੀ ਹੀ ਉਸਦੇ ਕੋਲ ਸੀ

-----

# ਸ਼ਰਨਾਰਥੀ

ਉਸਨੇ
ਆਪਣੇ ਦੁਆਲੇ
ਦੀਵਾਰਾਂ ਉਸਾਰ ਲਈਆਂ
ਦੀਵਾਰਾਂ
ਏਨੀਆਂ ਉੱਚੀਆਂ ਕਰ ਲਈਆਂ
ਕਿ
ਦੀਵਾਰਾਂ ਨਾਲ ਟੱਕਰਾ ਟੱਕਰਾ ਕੇ
ਮਰ ਗਿਆ
ਆਪਣੀ ਜ਼ਿੰਦਗੀ ਦੇ ਵਿਹੜੇ
ਆਪਣੀ ਹੀ ਕਬਰ ਧਰ ਗਿਆ

-0-

ਉਸਨੇ
ਆਪਣੀ ਹਿਫ਼ਾਜ਼ਤ ਦੇ ਡਰ ਤੋਂ
ਦੁਆਲੇ ਦੀਵਾਰਾਂ ਉਸਾਰੀਆਂ
ਕਿਉਂਕਿ
ਉਹ ਸੜਦੀ ਧੁੱਪ ਤੋਂ ਬਚ ਸਕੇ
ਜੰਗਲੀ ਜਾਨਵਰਾਂ
ਦੀ ਨਜ਼ਰ ਭੁੱਖ ਤੇ ਦਹਿਸ਼ਤ ਤੋਂ
ਬਚ ਸਕੇ
ਤੇ ਆਪਣੇ ਬੀਜ 'ਚ ਸਮਾਏ
ਰੁੱਖ ਦੇ ਅਕਾਰ ਜਿੱਡਾ ਹੋ ਸਕੇ
ਕਿਸੇ ਡਰ ਤੇ ਭੈਅ ਤੋਂ ਬਿਨਾਂ
ਆਪਣੇ ਪੈਰਾਂ ਤੇ ਖਲੋ ਸਕੇ

-0-

ਪਰ
ਉਸਨੂੰ ਕੀ ਪਤਾ ਸੀ
ਉਸਦਾ ਆਪਣਾ ਹੀ ਅਕਾਰ
ਆਪਣੇ ਦੁਆਲੇ ਉਸਾਰੀਆਂ
ਕੰਧਾਂ ਦੀਆਂ ਨੀਂਹਾਂ ਹੇਠਾਂ ਆ ਜਾਏਗਾ
ਉਸਦੇ ਪੈਰਾਂ ਨੂੰ
ਤੁਰਨਾ ਭੁੱਲ ਜਾਏਗਾ
ਖੰਭਾਂ ਨੂੰ ਉੱਡਣਾ
ਜਿਸਮ ਨੂੰ ਤਰਨਾ
ਵਿਸਰ ਜਾਏਗਾ
ਨਾ ਛਾਵਾਂ 'ਚ ਛਾਵਾਂ ਬਣਕੇ
ਨਾ ਧੁੱਪਾਂ 'ਚ ਧੁੱਪਾਂ ਬਣਕੇ
ਚੜ੍ਹਨਾ ਆਏਗਾ
ਉਹ ਸੂਰਜ ਵਾਂਗ
ਨਾ ਚੜ੍ਹ ਸਕੇਗਾ ਨਾ ਡੁੱਬ ਸਕੇਗਾ

-0-

ਕਿਉਂਕਿ
ਉਸਦੇ ਪੈਰਾਂ ਦੀ ਧਰਤ ਦੁਆਲੇ
ਦੀਵਾਰਾਂ ਸਨ
ਸਿਰ ਦੇ ਅੰਬਰ ਦੁਆਲੇ
ਦੀਵਾਰਾਂ ਸਨ
ਸਮੁੰਦਰ ਤੇ ਜੰਗਲ
ਉਸਦੀ ਚਾਰਦੀਵਾਰੀ ਤੋਂ
ਬਾਹਰ ਸਨ

-0-

ਸੂਰਜ ਦੇ ਚੜ੍ਹਨ ਤੇ ਡੁੱਬਣ ਦਾ
ਉਹ ਅਹਿਸਾਸ ਤੇ ਕਰ ਸਕਦਾ ਸੀ
ਪਰ ਤੱਕ ਨਹੀਂ ਸੀ ਸਕਦਾ
ਉਸਦੇ ਕੱਦ ਤੋਂ ਉੱਚੀਆਂ
ਉਸ ਦੁਆਲੇ ਦੀਵਾਰਾਂ ਸਨ
ਉਸਦੀ ਨਜ਼ਰ 'ਚ ਫੈਲੀਆਂ
ਉਸਦੀਆਂ
ਆਪਣੀਆਂ ਉਜਾੜਾਂ ਸਨ

-0-

ਉਸਨੂੰ
ਮਹਿਸੂਸ ਹੋਇਆ
ਉਹ ਆਪਣੀ ਸੁਰੱਖਿਆ 'ਚ
ਜਿਉਂਦਾ ਜਿਉਂਦਾ
ਜੀਵਨ ਜਾਂਚ ਭੁੱਲ ਗਿਆ ਹੈ
ਆਪਣੀ ਦ੍ਰਿੜ੍ਹਤਾ
ਆਪਣਾ ਵਿਸ਼ਵਾਸ ਗੁਆ ਬੈਠਾ ਹੈ
ਆਪਣੀ ਗਤੀ ਦਾ ਚਿਰਾਗ਼
ਬੁੱਝਾ ਬੈਠਾ ਹੈ

-0-

ਉਸਦੀਆਂ ਅੱਖਾਂ ਚੋਂ
ਦਿਸਹੱਦੇ ਨੁੱਚੜ ਗਏ ਹਨ
ਉਸਦੇ ਮਸਤਕ ਚੋਂ ਮੰਜ਼ਿਲਾਂ
ਪੈਰਾਂ ਚੋਂ ਰਾਹ ਗੁਆਚ ਗਏ ਹਨ

-0-

ਉਸਦੇ ਖ਼ੁਆਬ
ਉਜੜ ਗਏ ਹਨ
ਉਸਦਾ ਚਿਹਰਾ ਤਿੜਕ
ਗਿਆ ਹੈ
ਅੰਗ ਤੇ ਨਕਸ਼ ਖਿਲਰ ਗਏ ਹਨ
ਉਸ 'ਚ
ਖ਼ੁਆਬ ਜਿਊਣ ਦੀ
ਨਕਸ਼ਾਂ ਤੇ ਅੰਗਾਂ ਨੂੰ
ਇੱਕਠੇ ਕਰਨ ਦੀ ਇੱਛਾ ਤਾਂ ਹੈ
ਪਰ ਬਲ ਨਹੀਂ
ਖਿਲਰੇ ਨਕਸ਼ ਤੇ ਅੰਗ
ਇਕੱਠੇ ਕਰਨ ਦਾ ਬਲ ਨਹੀਂ
ਅੰਗਾਂ ਤੇ ਨਕਸ਼ਾਂ ਨੂੰ,
ਉਨ੍ਹਾਂ ਦੀ ਥਾਂ ਤੇ ਧਰਨ ਦਾ
ਅਭਿਆਸ ਨਹੀਂ

-0-

ਕਿਉਂਕਿ ਉਹ
ਜ਼ਿੰਦਗੀ ਦੇ ਮਦਰੱਸੇ 'ਚ
ਦਾਖ਼ਲ ਹੋਣ ਤੋਂ ਪਹਿਲਾਂ
ਜ਼ਿਦੰਗੀ ਜਿਉਣ ਤੋਂ ਪਹਿਲਾਂ
ਆਪਣੀ ਸੁਰੱਖਿਆ ਦਾ ਵਿਦਿਆਰਥੀ
ਹੋ ਗਿਆ ਸੀ
ਆਪਣੇ ਏਕੇ ਨੂੰ ਜ਼ਰਬਣ ਦੀ ਥਾਂ
ਆਪਣੇ ਏਕੇ ਚੋਂ ਮਨਫ਼ੀ ਹੋ ਗਿਆ ਸੀ

------

## ਰਾਸ਼ਟਰ

ਲਾਲਾ
ਇਹ ਕੀ ਵੇਚ ਰਿਹਾ ਹੈਂ
ਇਹ ਭ੍ਰਿਸ਼ਟਾਚਾਰ ਦਾ
ਬੀਜ ਹੈ
ਖੇਤਾਂ 'ਚ ਬੀਜਣ ਲਈ
ਲਿਆਇਆ ਹਾਂ

-0-

ਇਸਨੂੰ
ਸ਼ਹਿਰ ਦਾ ਹਰ ਘਰ
ਆਪਣੀਆ ਛੱਤਾਂ ਚੌਕਿਆਂ
ਵਿਹੜਿਆਂ
ਤੇ ਬੈਕ ਜਾਰਡਾਂ 'ਚ ਉੱਗਾਉਂਦਾ ਹੈ
ਕਮਰਿਆਂ 'ਚ ਗ਼ਮਲਿਆਂ 'ਚ
ਉੱਗਾਉਂਦਾ ਹੈ

-0-

ਇਸਦੀ ਫ਼ਸਲ ਦੀ ਝਾੜ
ਖ਼ਰਗੋਸ਼ਨੀ ਦੇ ਬੱਚਿਆਂ ਵਾਂਗ ਹੈ
ਜੋ ਹਰ ਚੰਦ ਦੀ ਚਾਂਦਨੀ ਸੂੰਦੀ ਹੈ
ਇਸ ਨਾਲ
ਸ਼ਹਿਰ ਦਾ ਕਾਰੋਬਾਰ ਚਲਦਾ ਹੈ
ਹਰ ਮੰਡੀ
ਹਰ ਬਾਜ਼ਾਰ ਚਲਦਾ ਹੈ

-0-

ਇਸ ਕਾਇਦੇ ਨੂੰ ਪੜ੍ਹੋ
ਇਸ ਚੋਂ ਹੇਰਾਫੇਰੀ ਤੇ
ਰਿਸ਼ਵਤਖ਼ੋਰੀ ਬੋਲਦੀ ਹੈ
ਮਦਰੱਸੇ ਦੀਆਂ
ਨੰਨ੍ਹੀਆਂ ਨੰਨ੍ਹੀਆਂ ਜੋਤਾਂ 'ਚ
ਤੁਰਦੀ ਹੈ
ਬਚਪਣ ਤੋਂ ਜਵਾਨੀ
ਜਵਾਨੀ ਤੋਂ ਮਰਦਾਂ ਔਰਤਾਂ ਦਾ
ਰੂਪ ਧਾਰਦੀ ਹੈ
ਆਪਣਾ ਸੱਚ
ਹਰ ਸ਼ਹਿਰੀ ਦੇ ਲਹੂ 'ਚ ਉਤਾਰਦੀ ਹੈ
ਪਿੰਡਾਂ ਸ਼ਹਿਰਾਂ ਤੋਂ ਪ੍ਰਾਂਤਾਂ ਤੱਕ
ਫੈਲ ਜਾਂਦੀ ਹੈ
ਰਾਸ਼ਟਰ ਦੀ ਰਗ ਰਗ 'ਚ
ਠਹਿਰ ਜਾਂਦੀ ਹੈ

0–

ਇਹ ਰਾਸ਼ਟਰ ਦਾ
ਨਿਆਏਂ ਘਰ ਹੈ
ਜਿੱਥੇ ਕਿਰਦਾਰ ਨੂੰ ਫਾਂਸੀ ਹੈ
ਭ੍ਰਿਸ਼ਟਾਚਾਰ ਦੀ ਕਦਰ ਹੈ
ਅਨੁਸ਼ਾਸਨ ਨੂੰ ਸੂਲ਼ੀ ਹੈ
ਰਿਸ਼ਵਤਖੋਰੀ ਦੀ ਰਿਹਾਈ ਲਈ
ਵਕਾਲਤ ਹੈ
ਅੰਤ ਅਨੁਸ਼ਾਸਨ ਤੇ ਕਿਰਦਾਰ ਨੂੰ
ਸਜ਼ਾ ਹੈ

ਭਰਿਸ਼ਟਾਚਾਰ ਤੇ ਰਿਸ਼ਵਤਖੋਰੀ
ਬਾਇੱਜ਼ਤ ਬਰੀ ਹਨ
ਇਮਾਨਦਾਰੀ ਤੇ ਸੱਚ ਨੂੰ
ਉਮਰ ਕੈਦ ਜਾਂ ਫਾਂਸੀ ਦਾ ਹੁਕਮ
ਅਦਾ ਹੈ
ਭਰਿਸ਼ਟਾਚਾਰ ਤੇ ਰਿਸ਼ਵਤਖੋਰੀ
ਦੀ ਫ਼ਸਲ
ਅਦਾਲਤ ਨੂੰ ਲੱਖਾਂ ਏਕੜਾਂ 'ਚ
ਬੀਜਣ ਦਾ ਚਾਅ ਹੈ

-0-

ਅਦਾਲਤ
ਜੋ ਜ਼ੁਲਮ ਦੇ ਅੰਬਾਰ
ਮਾਨਵੀ ਮੰਡੀਆਂ 'ਚ ਲਾਉਂਦੀ ਹੈ
ਕਾਨੂੰਨ ਇਨ੍ਹਾਂ ਨੂੰ ਬਰੀ ਕਰਦਾ ਹੈ
ਤੇ ਇਨ੍ਹਾਂ ਦੀ ਆਮਦਨ ਤੋਂ
ਅਦਾਲਤ
ਕਾਨੂੰਨੀ ਕਾਰਜ ਪ੍ਰਣਾਲੀ ਚਲਾਉਂਦੀ ਹੈ

-0-

ਇਹ ਜੋ
ਸ਼ਹਿਰ ਦੀ ਕਮੇਟੀ ਦੇ ਕਰਿੰਦੇ ਪਹਿਲਾਂ
ਹਲਕਾਉਂਦੇ ਹਨ
ਫਿਰ ਉਸਨੂੰ
ਗੋਲੀ ਨਾਲ ਉੱਡਾਉਂਦੇ ਹਨ

ਇਹ
ਅਨੁਸ਼ਾਸਨ ਹੈ
ਨੇਤਾ ਲਈ ਭਾਸ਼ਣ ਹੈ
ਜਨਤਾ 'ਚ ਕਾਨੂੰਨੀ ਵਿਵਸਥਾ ਨੂੰ
ਸ਼ਾਂਤ ਰੱਖਣ ਦਾ ਸਾਧਨ ਹੈ

-0-

ਇਹ ਚੋਰੀ ਚਕਾਰੀ
ਧੋਖਾ ਅਸੁਰੱਖਿਆ ਜ਼ਬਰ ਜਨਾਹ
ਕਾਲਾ ਬਾਜ਼ਾਰ
ਵੱਡੀ ਖੋਰੀ ਸਿਰਜਦੀ
ਰਾਸ਼ਟਰੀਆ ਪ੍ਰਯੋਗਸ਼ਾਲਾ ਹੈ
ਜੋ ਸਰਕਾਰ ਕਹਾਉਂਦੀ ਹੈ
ਰਾਸ਼ਟਰ 'ਚ ਅਯਾਸ਼ੀ ਹੱਲਾ ਗੁੱਲਾ
ਗੁੰਡਾਗਰਦੀ ਦਹਿਸ਼ਤ
ਤੇ ਲੁੱਟ-ਖਸੁੱਟ ਫੈਲਾਉਂਦੀ ਹੈ
ਅਨੁਸ਼ਾਸਨ ਰਹਿਤ
ਰੱਤੀ ਰੰਗ ਦੇ ਕੀੜਿਆਂ ਨੂੰ
ਗਲੀਆਂ ਚੌਕਾਂ 'ਚ
ਰਾਸ਼ਟਰੀ
ਕਾਨੂੰਨ ਵਿਵਸਥਾ ਅਮਨ
ਸਕੂਨ ਤੇ ਜਨਤਾ ਦੀ ਸੁਰੱਖਿਆ ਲਈ
ਤਾਇਨਾਤ ਕਰਦੀ ਹੈ
ਰਾਸ਼ਟਰ ਦੀ ਸ਼ਾਂਤੀ ਬਰਕਰਾਰ ਰੱਖਦੀ ਹੈ

-0-

ਜਿਸ ਰਾਸ਼ਟਰ ਦੀ ਸਮੱਗਰੀ 'ਚ
ਇਨ੍ਹਾਂ ਤੱਤਾਂ ਦੀ ਭਰਮਾਰ ਹੈ
ਉਸਦਾ ਵਜ਼ੂਦ ਕੀ ਹੈ
ਉਸਦਾ ਭਵਿੱਖ ਕੀ ਹੈ
ਉਸਦਾ ਮਨੁੱਖ ਤੇ ਮਨੁੱਖਤਾ ਲਈ
ਕੀ ਆਧਾਰ ਹੈ
ਉਸ ਰਾਸ਼ਟਰ ਦਾ
ਕੀ ਕਿਰਦਾਰ ਹੈ
ਬੁੱਝੋ ਭਲਾਂ ਦੁਨੀਆਂ ਦੇ ਨਕਸ਼ੇ ਦੇ
ਇਹ ਰਾਸ਼ਟਰ ਕਿਹੜਾ ਹੈ
ਤੇਰਾ ਹੈ ਜਾਂ ਮੇਰਾ ਹੈ
ਸ਼ੋਰ ਉੱਠਦਾ ਹੈ
ਤੇਰਾ ਹੈ ਤੇਰਾ ਹੈ ਸਿਰਫ਼ ਤੇਰਾ ਹੈ

-----

## ਲਕੀਰਾਂ

ਛੋਟੀਆਂ ਨੇ
ਕਈ ਵੱਡੀਆਂ ਨੇ ਲਕੀਰਾਂ
ਕੁੱਝ ਤੁਰਦੀਆਂ ਨੇ
ਕੁੱਝ ਖੜ੍ਹੀਆਂ ਨੇ ਲਕੀਰਾਂ

-0-

ਕੌਣ ਪਹਿਚਾਣੇ
ਹੈ ਕਿਸਦਾ ਚਿਹਰਾ
ਚਿਹਰੇ ਤੇ ਕਿਵੇਂ
ਚੜ੍ਹੀਆਂ ਨੇ ਲਕੀਰਾਂ

-0-

ਆਉਂਦਾ ਨਹੀਂ
ਨਜ਼ਰ ਕਿਤੇ ਕੁੱਝ ਵੀ
ਪੁੰਗਰੀਆਂ ਨੇ ਇਸ ਤਰ੍ਹਾਂ
ਝੜੀਆਂ ਨੇ ਲਕੀਰਾਂ

-0-

ਸਾਗਰ ਦੇ ਚਿਹਰੇ ਦਾ
ਹੈ ਰੰਗ ਬਦਲਿਆ
ਡੁੱਬ ਕੇ ਤਰੀਆਂ
ਜਾਂ ਤਰ ਕੇ ਡੁੱਬੀਆਂ ਨੇ ਲਕੀਰਾਂ

-0-

ਭੀੜਾਂ ਹੀ ਭੀੜਾਂ ਨੇ
ਸੜਕੀਂ ਤੇ ਬਜ਼ਾਰੀਂ
ਤੁਰੀਆਂ ਨੇ ਸੜਕਾਂ ਤੇ
ਬਜ਼ਾਰੀਂ ਧਰੀਆਂ ਨੇ ਲਕੀਰਾਂ

-0-

ਦੁਨੀਆਂ ਵੀ ਹੈ
ਅਜ਼ੀਬ ਮੁਜੱਸਮਾਂ ਰੰਗਾਂ ਦਾ
ਕੁੱਝ ਚਿੱਟੀਆਂ ਕੁੱਝ ਕਾਲੀਆਂ
ਧਰੀਆਂ ਨੇ ਲਕੀਰਾਂ

-0-

ਲਕੀਰਾਂ ਦੀ ਗ਼ੁਲਾਮੀ ਸੀ
ਲਕੀਰਾਂ ਦਾ ਹੀ ਰੌਲਾ ਸੀ
ਲਕੀਰਾਂ ਦੀ ਸੂਲੀ
ਚੜ੍ਹੀਆਂ ਨੇ ਲਕੀਰਾਂ

-0-

ਲਕੀਰਾਂ ਦੇ ਅਹਿਮ ਦਾ
ਕੋਈ ਅੰਤ ਨਹੀਂ
ਲਕੀਰ ਲਈ ਨੀਹਾਂ 'ਚ
ਖੜ੍ਹੀਆਂ ਨੇ ਲਕੀਰਾਂ

ਲਕੀਰਾਂ ਹੀ ਤਵੀਆਂ ਨੇ
ਲਕੀਰਾਂ ਹੀ ਨੇ ਦੇਗ਼ਾਂ
ਲਕੀਰਾਂ ਦੇ ਹੀ ਰੰਗ 'ਚ
ਰੰਗੀਆਂ ਨੇ ਲਕੀਰਾਂ

-0-

ਸੂਰਜ ਸੀ
ਕਿ ਥਲ ਤਪ ਰਿਹਾ
ਲਕੀਰਾਂ ਦੇ ਇਸ਼ਕੇ
ਠਰੀਆਂ ਨੇ ਲਕੀਰਾਂ

-0-

ਕਿਤੇ ਸੂਲ਼ਾਂ
ਕਿਤੇ ਕਲੀਆਂ ਨੇ ਲਕੀਰਾਂ
ਕਿਤੇ ਜਗੀਆਂ
ਕਿਤੇ ਬਲੀਆਂ ਨੇ ਲਕੀਰਾਂ

-0-

ਕੋਈ ਲਕੀਰ
ਅਸਲ ਲਕੀਰ ਹੀ ਨਹੀਂ
ਦੁਨੀਆਂ 'ਚ ਸਿਰ ਤੋਂ ਪੈਰਾਂ ਤੱਕ
ਭਰੀਆਂ ਨੇ ਲਕੀਰਾਂ

-0-

ਜੋ ਵੀ ਮਿਲੀ
ਗ਼ੈਰ ਹੀ ਨਿਕਲੀ
ਉਂਜ ਜ਼ਮਾਨੇ 'ਚ ਆਪਣੀਆਂ
ਬੜੀਆਂ ਨੇ ਲਕੀਰਾਂ

------

## ਦਾਨ

ਤੁਸੀਂ
ਕਿੱਧਰੇ ਤੁਰਦੇ ਤੁਰਦੇ
ਖਲ੍ਹੋ ਹੀ ਨਾ ਜਾਓ
ਇਸ ਲਈ
ਰਾਹਾਂ ਨੂੰ ਪੈਰ ਦਿਓ
ਦਿਸ਼ਾਵਾਂ ਨੂੰ ਨਜ਼ਰ ਦਿਓ
ਚੁੱਪ ਨੂੰ ਜ਼ੁਬਾਨ ਦਿਓ
ਪੱਥਰਾਂ ਨੂੰ ਗਤੀਆਂ ਦਿਓ

-0-

ਮਰਨ ਤੋਂ ਪਹਿਲਾਂ
ਉਹ
ਆਪਣੀ ਵਸੀਅਤ ਲਿਖ ਗਏ
ਆਪਣੇ
ਸਰੀਰ ਦੇ ਅੰਗ ਤੇ ਨਕਸ਼
ਜੋ
ਪਿੱਛੇ ਆ ਰਹੇ ਸਨ
ਉਨ੍ਹਾਂ ਦੇ ਨਾਮ ਕਰ ਗਏ

-0-

ਨਦੀਆਂ
ਚਸ਼ਮਿਆਂ ਝਰਨਿਆਂ
ਦਰਿਆਵਾਂ ਨੂੰ
ਸਾਗਰਾਂ ਲਈ ਰਾਹ ਦਿਓ

ਹਨ੍ਹੇਰਿਆਂ ਨੂੰ ਰੌਸ਼ਨੀ
ਧ੍ਰੋਹ ਨੂੰ ਵਿਸ਼ਵਾਸ
ਬੇਆਸ ਨੂੰ ਆਸ ਦਿਓ
ਸੰਕਲਪ ਸ਼ਬਦ ਤੇ ਅਰਥ ਨੂੰ
ਅਵਾਜ਼ ਦਿਓ

-0-

ਕਬਰਾਂ ਨੂੰ ਤੁਰਨਾ ਸਿਖਾਓ
ਪਾਣੀ ਨੂੰ ਭਾਫ਼
ਭਾਫ਼ ਨੂੰ ਬੱਦਲ ਬਣਾਓ
ਅੰਬਰ ਤੋਂ
ਧਰਤ ਤੇ ਵਰ੍ਹਾਓ
ਖ਼ੇਤਾਂ 'ਚ ਅੰਨ੍ਹ ਉੱਗਾਓ
ਮਨੁੱਖਤਾ ਦੀ ਭੁੱਖ ਤੇ
ਪਿਆਸ ਮਿਟਾਓ

-0-

ਯ਼ਤੀਮ ਨੂੰ ਮਮਤਾ ਦਿਓ
ਇਕੱਲਤਾ ਨੂੰ ਸੰਗ ਦਿਓ
ਉਜਾੜ ਨੂੰ ਰੌਣਕ ਦਿਓ
ਔੜਾਂ ਨੂੰ ਬਰਸਾਤ
ਦਿਓ
ਪਤਝੱੜਾਂ ਨੂੰ
ਰੁੱਤਾਂ ਮੌਸਮ ਬਹਾਰ ਦਿਓ

ਬੇਕਰਾਰੀ ਨੂੰ
ਕਰਾਰ ਦਿਓ
ਸੱਚ ਨੂੰ
ਝੂਠ ਦੇ ਹਿਰਦੇ 'ਚ ਉਤਾਰ ਦਿਓ
ਤਾਂ ਕਿ ਦੁਨੀਆਂ ਜਗੇ
ਦੁਨੀਆਂ ਦਾ ਹਰ ਮਨੁੱਖ ਜਗੇ
ਸਹਿਰਾ 'ਚ ਸਾਗਰ ਵਗੇ
ਅੱਗਣ ਹਰੀ ਹੋ ਜਾਏ
ਸੱਖਣੀ ਮਨੁੱਖਤਾ ਭਰੀ ਹੋ ਜਾਏ

-----

## ਸੋਚ ਤੇ ਡਰ

ਉਹ
ਆਪਣੇ ਆਪ 'ਚ ਸੁੰਘੜਿਆ
ਤੇ ਸੋਚ ਦਾ ਬਿੰਦੂ ਬਣ ਗਿਆ
ਹੁਣ ਉਹ
ਬਿੰਦੂ ਤੋਂ ਦਾਇੰਰਾ
ਦਾਇਰੇ ਤੋਂ ਦਾਇਰਿਆਂ 'ਚ
ਵਿਚਰਨ ਤੋਂ ਡਰਦਾ ਸੀ

–0–

ਉਸਨੇ
ਆਪਣੇ ਚੋਂ ਸੋਚ ਕ਼ੀ ਜਨਮੀਂ
ਕਿ ਡਰ ਦਾ ਜੰਗਲ
ਉੱਗਾ ਲਿਆ
ਉਹ ਡਰ 'ਚ ਹੀ ਜਿਉਂਦਾ ਰਿਹਾ
ਡਰ 'ਚ ਹੀ
ਉਸ ਉਮਰ ਦਾ ਪੈਂਡਾ ਮੁਕਾ ਲਿਆ

–0–

ਉਸਨੇ
ਇਕ ਖ਼ਰਗੋਸ਼ ਨੂੰ ਵੇਖਿਆ
ਸ਼ੇਰ ਸਮਝ ਕੇ ਡਰ ਗਿਆ
ਉਹਦੇ ਬਿੰਦੂ ਚੋਂ
ਨਿਡੱਰਤਾ ਨੁਚੜ ਗਈ

ਡਰ ਦੇ ਦਾਇਰਿਆਂ ਦਾ
ਦਾਇਰਾ ਭਰ ਗਿਆ

-0-

ਪਹਿਲਾਂ
ਉਹ ਹਾਥੀ ਨਾਲ ਸਿੱਧਾ
ਟੱਕਰਾ ਜਾਂਦਾ ਸੀ
ਸ਼ੇਰ ਆਉਂਦਾ ਵੇਖ
ਆਪਣਾ ਰਾਹ ਨਹੀਂ ਸੀ ਬਦਲਦਾ
ਹੁਣ ਜਦ ਦਾ
ਉਹ ਬਿੰਦੂ ਹੋਇਆ ਸੀ
ਚੜ੍ਹਦੇ ਸੂਰਜ ਦੇ ਚਾਨਣ ਤੋਂ ਵੀ
ਡਰਦਾ ਸੀ
ਡੁੱਬਦੇ ਸੂਰਜ ਦੇ ਹਨ੍ਹੇਰੇ ਤੋਂ ਵੀ
ਡਰਦਾ ਸੀ

-0-

ਉਹ ਜਦ ਵੀ
ਦਰਪਣ ਚੋਂ ਆਪਣਾ ਚਿਹਰਾ
ਵੇਖਦਾ
ਤਾਂ ਡਰ ਦੇ ਮਾਰੇ
ਆਪਣਾ ਚਿਹਰਾ
ਆਪਣੇ ਹੱਥਾਂ 'ਚ ਲੁਕਾ ਲੈਂਦਾ
ਆਪਣੇ ਆਪ ਨੂੰ
ਆਪਣੇ ਆਪ ਤੋਂ ਛੁਪਾ ਲੈਂਦਾ ਹੈ

-0-

ਉਹ
ਲਹੂ ਦੇ ਲਾਲ ਰੰਗ ਤੋਂ ਵੀ
ਡਰਦਾ ਸੀ
ਇਸ ਲਈ ਕਦੀ ਵੀ
ਆਪਣੇ ਚੋਂ
ਇਕੱਲਾ ਬਾਹਰ ਨਹੀਂ ਸੀ
ਨਿਕਲਦਾ
ਕਦੀ ਵੀ ਇਕੱਲਾ
ਆਪਣੀ ਧੁੱਪ ਨਹੀਂ ਸੀ ਸੇਕਦਾ
ਆਪਣੀ ਛਾਂ ਨਹੀਂ ਸੀ ਮਾਣਦਾ

-0-

ਉਸਦਾ
ਹਰਿਆ ਭਰਿਆ ਵਜ਼ੂਦ
ਉਸਦੀ ਦੇਹ ਚੋਂ ਪੁੰਗਰਦੀਆਂ
ਟਹਿਣੀਆਂ
ਪੱਤਿਆਂ ਫੁੱਲਾਂ ਫਲਾਂ ਤੇ ਬੀਜਾਂ
ਨੇ ਖਾ ਲਿਆ
ਉਸਦੀ ਚੇਤਨਾ ਨੇ
ਡਰ ਦਾ
ਇਕ ਜੰਗਲ ਉੱਗਾ ਲਿਆ
ਉਸਦੀ ਨਜ਼ਰ ਚੋਂ
ਉਸਦੇ ਦਿਸਹੱਦੇ ਆਲੋਪ ਹੋ ਗਏ
ਉਸਦੇ ਹਾਸੇ ਰੌਣਕਾਂ ਤੇ ਖ਼ੁਸ਼ੀਆਂ
ਉਸ ਲਈ ਸਰਾਪ ਹੋ ਗਏ

-0-

ਉਹ ਪੈਰ ਪੁੱਟਣ ਤੋਂ ਪਹਿਲਾਂ
ਸੋਚ ਦੇ ਫ਼ੀਤੇ ਨਾਲ
ਧਰਤੀ ਨਾਪਦਾ
ਉਹ ਵੇਖਣ ਤੋਂ ਪਹਿਲਾਂ
ਦ੍ਰਿਸ਼ ਦਾ ਵਜ਼ੂਦ ਵਿਚਾਰਦਾ
ਉਹ ਬੋਲਣ ਤੋਂ ਪਹਿਲਾਂ
ਜੀਭ ਦੀ ਥਾਂ
ਕੰਨਾਂ ਦਾ ਰੂਪ ਧਾਰਦਾ

-0-

ਉਸਦੀ ਦੇਹ ਦੀ ਕਾਰਜ ਪ੍ਰਣਾਲੀ
ਗਤੀ ਤੋਂ ਪਹਿਲਾਂ
ਉਸਦੀ ਦੇਹ ਦੀ ਸੀਮਾ ਮਿਣਦੀ
ਉਸਦੀ ਸੋਚ
ਫਲ ਖਾਣ ਤੋਂ ਪਹਿਲਾਂ
ਰੁੱਖ ਗਿਣਦੀ
ਉਸਨੂੰ
ਅਗਾਜ਼ ਤੋਂ ਪਹਿਲਾਂ
ਅੰਤ ਦਾ ਫ਼ਿਕਰ ਰਹਿੰਦਾ
ਉਹ
ਪੈਰ ਪੁੱਟਣ ਤੋਂ ਡਰਦਾ
ਕਦਮ
ਜਮੀਂ ਤੇ ਨਾ ਧਰਦਾ

-0-

ਉਸਨੇ
ਆਪਣੇ ਦੁਆਲੇ
ਆਪਣੀ ਨਿਰਭਰਤਾ ਦੀ
ਦੀਵਾਰ ਉਸਾਰ ਲਈ
ਆਪਣੀ ਖੁਲ੍ਹਦਿਲੀ
ਆਪਣੇ ਅਕਾਸ਼ ਦੀ ਅਸੀਮਤਾ
ਆਪਣੇ ਪ੍ਰਵਾਜ਼ 'ਚ ਉਤਾਰ ਲਈ
ਆਪਣੇ ਪੈਰਾਂ
ਜਿੱਡੀ ਧਰਤ ਨਾਪ ਲਈ
ਆਪਣੇ ਬਿੰਦੂ ਨਾਲ
ਏਨਾ ਜੁੜ ਗਿਆ
ਕਿ ਮਰਨ ਦੇ ਡਰ ਤੋਂ
ਜਿਉਣ ਦੀ ਥਾਂ
ਆਪਣੇ ਪ੍ਰਾਣਾਂ ਦੀ ਪਹਿਰੇਦਾਰੀ
ਕਰਦਾ ਰਿਹਾ

-0-

ਮਰਨ ਤੋਂ ਡਰਦਾ ਹੀ ਸੀ
ਜਿਉਣ ਤੋਂ ਵੀ ਡਰਦਾ ਰਿਹਾ
ਉਸਦੀ ਸੋਚ ਚੋਂ ਜਨਮਿਆ
ਡਰ ਹੀ ਉਸਨੂੰ ਖਾ ਗਿਆ
ਮੌਸਮ ਬਹਾਰਾਂ ਰੁੱਤਾਂ
ਫੁੱਲਾਂ ਮਹਿਕਾਂ ਦੀ ਥਾਂ
ਉਸਦੇ ਜੀਵਨ 'ਚ
ਕਬਰਾਂ ਉੱਗਾ ਗਿਆ

-----

## ਮੁਕਤੀ

ਹੇ ਦਾਤਾ
ਮੇਰੇ ਸੁਆਮੀ
ਮੈਂ ਆਪਣੇ ਆਪ 'ਚ
ਮੁਕਤੀ ਨਹੀਂ ਚਾਹੁੰਦਾ
ਆਪਣੇ ਆਪ 'ਚ ਮੁਕਤ ਹੋ ਕੇ
ਅਗਤੀਆਂ ਦੀ ਜੂਨ
ਭੋਗਣਾ ਨਹੀਂ ਚਾਹੁੰਦਾ

-0-

ਮੇਰੀਆਂ ਅੱਖਾਂ ਸਾਵੇਂ
ਮੇਰਾ ਪੱਤਾ ਪੱਤਾ
ਮੇਰੇ ਤੋਂ ਝੜ ਜਾਏਗਾ
ਮੇਰੀ ਟਹਿਣੀ ਟਹਿਣੀ
ਮੇਰੇ ਚੋਂ ਆਲੋਪ ਹੋ ਜਾਏਗੀ
ਮੇਰੇ ਫੁੱਲ ਫਲ ਤੇ ਬੀਜ
ਮੇਰੇ ਚੋਂ ਗੁੰਮ ਜਾਣਗੇ
ਮੇਰੀ ਛਾਂ
ਮੇਰੇ ਤੋਂ ਮੁਖ ਮੋੜ ਜਾਏਗੀ

-0-

ਮੈਂ
ਆਪਣੀ ਹੀ ਨਜ਼ਰ 'ਚ
ਰੁੱਖ ਤੋਂ ਸੁੱਕੀ ਲੱਕੜ ਦਾ
ਵਜੂਦ ਹੋ ਜਾਵਾਂਗਾ

ਆਪਣੀਆਂ
ਰੌਣਕਾਂ ਤੇ ਰੰਗੀਨੀਆਂ ਤੋਂ
ਮਹਿਰੂਮ ਹੋ ਜਾਵਾਂਗਾ

-0-

ਹੇ ਦਾਤਾ ਮੇਰੇ ਸੁਆਮੀ
ਮੈਂ ਆਪਣੇ ਆਪ 'ਚ
ਮੁਕਤੀ ਨਹੀਂ ਚਾਹੁੰਦਾ
ਆਪਣੇ 'ਚ ਮੁਕਤ ਹੋ ਕੇ
ਅਗਤੀਆਂ ਦੀ ਜੂਨ
ਹੰਢਾਉਣਾ ਨਹੀਂ ਚਾਹੁੰਦਾ

-0-

ਹੇ ਦਾਤਾ ਮੇਰੇ ਸੁਆਮੀ
ਜੇ ਮੁਕਤ ਕਰਨਾ ਹੈ
ਤਾਂ ਐਸਾ ਮੁਕਤ ਕਰ
ਕਿ ਮੈਨੂੰ ਰੁੱਖ ਤੋਂ
ਸੁੱਕੀ ਲੱਕੜ ਹੋਣ ਦਾ
ਅਹਿਸਾਸ ਵੀ ਨਾ ਰਹੇ
ਮੈਨੂੰ ਮਰ ਕੇ ਵੀ
ਮੌਤ ਦਾ ਪਾਸ ਨਾ ਰਹੇ

-0-

ਜੇ ਮਰ ਕੇ ਵੀ
ਮੈਨੂੰ ਇਹ ਅਹਿਸਾਸ ਰਿਹਾ
ਕਿ ਮੈਂ ਮਰ ਗਿਆ ਹਾਂ

ਤਾਂ ਸ਼ਾਇਦ ਮੇਰੇ ਦਾਤਾ
ਮੇਰੇ ਸੁਆਮੀ
ਮੈਂ ਮਰ ਨਾ ਸਕਾਂ
ਮਰ ਗਏ ਅਹਿਸਾਸ ਦੀ
ਮੁਥਾਜ਼ੀ ਜਰ ਨਾ ਸਕਾਂ

-0-

ਜੇ
ਮੇਰਾ ਇਹ ਭਰਮ ਹੈ
ਕਿ ਮੈਂ ਮੁਕਤ ਹੋ ਕੇ ਵੀ
ਮੁਕਤੀ ਦੇ ਅਹਿਸਾਸ ਤੋਂ
ਨਿਜ਼ਾਤ ਨਹੀਂ ਪਾਵਾਂਗਾ
ਤਾਂ
ਜਿਉਂਦੇ ਜੀਅ
ਮੇਰਾ ਇਹ ਭਰਮ ਨਵਿਰਤ ਕਰੋ
ਜੇ ਸੱਚ ਹੈ
ਤਾਂ ਮੈਂ ਇਸ ਮੁਕਤੀ ਤੋਂ
ਮੁਨਕਰ ਹਾਂ
ਤੇ ਤੂੰ ਵੀ
ਜਿਉਂਦੇ ਜੀਅ ਮੁਕਤ ਹੋਣ ਦਾ
ਦਾਅਵਾ ਨਾ ਕਰ
ਜੇ ਮਨੁੱਖ
ਜਿਉਂਦੇ ਜੀਅ ਮੁਕਤੀ ਪਾਏਗਾ
ਤਾਂ ਮੁਕਤੀ ਤੋਂ ਬਾਅਦ ਵੀ
ਮੁਕਤੀ ਦਾ ਅਹਿਸਾਸ
ਮਨੁੱਖ ਦੇ ਨਾਲ ਜਾਵੇਗਾ

-0-

ਹੇ ਦਾਤਾ ਮੇਰੇ ਸੁਆਮੀ
ਮੈਂ ਆਪਣੇ ਆਪ 'ਚ
ਮੁਕਤੀ ਪਾਉਣਾ ਨਹੀਂ ਚਾਹੁੰਦਾ
ਆਪਣੇ ਆਪ 'ਚ ਮੁਕਤ ਹੋ ਕੇ
ਅਗਤੀਆਂ ਦੀ ਜੂਨ
ਹੰਢਾਉਣਾ ਨਹੀਂ ਚਾਹੁੰਦਾ

-0-

ਹੇ ਦਾਤਾ
ਜੇ ਮੁਕਤੀ ਆਤਮਾ ਦੀ ਪ੍ਰਾਪਤੀ ਹੈ
ਤਾਂ ਆਤਮ ਗਿਆਨੀ
ਜਿਉਂਦੇ ਜੀਅ ਜਾਣਦਾ ਹੈ
ਕਿ ਆਤਮਾ ਨੂੰ
ਆਤਮ ਸੱਚ ਦਾ ਗਿਆਨ ਹੈ
ਆਤਮਾ ਕੀ ਹੈ
ਆਤਮਾ ਦਾ ਸੱਚ ਕੀ ਹੈ
ਆਤਮਾ ਚੇਤਨਾ ਹੈ
ਆਤਮਾ ਨੂੰ ਇਹ ਅਹਿਸਾਸ ਹੈ

-0-

ਹੇ ਦਾਤਾ
ਮੈਂ ਆਤਮਾ ਹੋ ਕੇ ਵੀ
ਆਤਮ ਗਿਆਨ ਦੇ ਅਹਿਸਾਸ ਤੋਂ
ਮੁਕਤੀ ਚਾਹੁੰਦਾ ਹਾਂ
ਜੇ ਮੈਂ ਆਤਮਾ ਹੋ ਕੇ
ਇਹ ਅਹਿਸਾਸ ਜਿਉਂਦਾ ਹਾਂ
ਕਿ ਮੈਂ ਆਤਮਾ ਹਾਂ

ਤਾਂ ਸ਼ਾਇਦ
ਮੇਰੇ ਦਾਤਾ ਮੇਰੇ ਸੁਆਮੀ
ਮੈਂ ਮਰ ਨਾ ਸਕਾਂ
ਮਰ ਗਏ ਅਹਿਸਾਸ ਦੀ
ਮੁਥਾਜ਼ੀ ਜਰ ਨਾ ਸਕਾਂ

–0–

ਹੇ ਦਾਤਾ ਮੇਰੇ ਸੁਆਮੀ
ਜੇ ਮੈਂ
ਆਤਮਾ ਤੋਂ ਮੁਕਤੀ ਪਾ
ਤੇਰਾ ਸੱਚ ਹੋ ਜਾਂਦਾ ਹਾਂ
ਜੋ ਆਤਮਾ ਦਾ ਸੱਚ ਹੈ
ਜੋ ਤੇਰਾ ਸੱਚ ਹੈ
ਫਿਰ ਵੀ ਤਾਂ ਮੈਂ
ਤੇਰਾ ਸੱਚ ਹੋਣ ਦਾ ਅਹਿਸਾਸ
ਜੀਵਾਂਗਾ
ਇਸ ਲਈ
ਸ਼ਾਇਦ ਮੇਰੇ ਦਾਤਾ ਮੇਰੇ ਸੁਆਮੀ
ਮੈਂ
ਮਰ ਨਾ ਸਕਾਂ
ਮਰ ਗਏ ਅਹਿਸਾਸ ਦੀ
ਮੁਥਾਜ਼ੀ
ਜਰ ਨਾ ਸਕਾਂ

–0–

ਹੁਣ ਤੂੰ ਹੀ ਦੱਸ
ਮੇਰੇ ਦਾਤਾ
ਮੇਰੇ ਸੁਆਮੀ
ਮੈਂ
ਆਪਣੇ ਆਪ 'ਚ ਮੁਕਤ ਹੋਵਾਂ
ਜਾਂ ਜਿਉਂਦਾ ਰਹਾਂ
ਜਿਉਂਦਾ ਰਹਾਂ ਜਾਂ ਮੁਕਤ ਹੋਵਾਂ
ਮੈਂ ਕਿਹੜੀ ਯੁਕਤ ਹੋਵਾਂ
ਕਿ ਮੈਨੂੰ ਮੁਕਤ ਹੋਣ ਦਾ ਅਹਿਸਾਸ
ਨਾ ਰਹੇ
ਮੇਰਾ ਮਨ
ਮੁਕਤੀ ਦੇ ਅਹਿਸਾਸ ਦਾ ਮੁਥਾਜ਼ ਨਾ ਰਹੇ

-----

## ਗਤੀ ਦੀ ਤਲਾਸ਼

ਉਹ
ਘਰ ਦੀ ਛੱਤ ਵੀ ਸੀ
ਦੀਵਾਰਾਂ ਵੀ ਸੀ
ਚੁੱਲ੍ਹਾ ਚੌਂਕਾ ਵਿਹੜਾ
ਤੇ ਬੂਹੇ ਬਾਰੀਆਂ ਵੀ ਸੀ

-0-

ਫ਼ਰਸ਼ ਤੇ ਤੁਰਦਾ
ਦੀਵਾਰਾਂ ਚੋਂ ਝਾਕਦਾ
ਛੱਤ ਚੋਂ ਸੋਚਦਾ
ਵਿਹੜੇ 'ਚ ਉੱਠਦਾ ਬੈਠਦਾ ਵੀ
ਉਹ ਆਪ ਹੀ ਸੀ

-0-

ਘਰ ਦੀਆਂ ਨੀਂਹਾਂ ਚੋਂ
ਗਾਰੇ ਦੀ ਚਿਣਾਈ ਚੋਂ
ਪਲਸਤਰ ਚੋਂ ਰੰਗ ਰੋਗਣ ਚੋਂ
ਦਿੱਸਦਾ ਵੀ
ਉਹ ਆਪ ਹੀ ਸੀ

-0-

ਚੁੱਲ੍ਹੇ 'ਚ ਬਲਦਾ
ਤਵੇ ਤੇ ਰੋਟੀ ਵਾਂਗ ਪੱਕਦਾ
ਕਾੜ੍ਹਨੀ 'ਚ ਉਬਲਦਾ

ਕੁੰਨੀ 'ਚ ਰਿੱਝਦਾ
ਘਰ ਦਾ ਅੰਨ੍ਹ ਜਲ ਤੇ ਘੜਾ ਵੀ
ਉਹ ਆਪ ਹੀ ਸੀ

-0-

ਉਹ
ਘਰ ਦਾ ਕਲਬੂਤ ਸੀ
ਘਰ ਦਾ ਵਜ਼ੂਦ ਸੀ
ਘਰ ਦੀ ਹੱਦ ਹਦੂਦ ਸੀ
ਘਰ ਦਾ ਉਹ
ਅੰਦਰ ਸੀ ਬਾਹਰ ਸੀ
ਘਰ ਦੀ ਉਹ ਵਲਗਣ ਸੀ
ਘਰ ਦਾ ਉਹ ਮੁੱਖ ਦੁਆਰ ਸੀ

-0-

ਉਹ ਘਰ ਸੀ
ਪਰ ਘਰ ਵਿਚ ਨਹੀਂ ਸੀ
ਘਰ ਉਸ ਨਾਲ
ਕਦੀ ਜੁੜਿਆ ਨਹੀਂ ਸੀ
ਘਰ ਕਦਮ ਨਾਲ ਕਦਮ ਮੇਲ ਕੇ
ਕਦੀ ਵੀ
ਉਸ ਨਾਲ ਤੁਰਿਆ ਨਹੀਂ ਸੀ

-0-

ਉਹ ਘਰ ਨੂੰ ਤੋਰਨ ਲਈ
ਦਿਨ ਰਾਤ ਮੁਸ਼ੱਕਤ ਕਰਦਾ ਰਿਹਾ

ਘਰ ਦੇ ਘੜੇ ਦੇ ਜਲ ਲਈ
ਉਮਰਾਂ ਦਾ ਸਹਿਰਾ ਤਰਦਾ ਰਿਹਾ
ਪੱਕਦੇ ਅੰਨ੍ਹ ਤੇ ਰਿੱਝਦੀ ਦਾਲ ਦੀ
ਖ਼ੁਸ਼ਬੂ ਲਈ
ਉਹ ਆਪਣੇ ਲਹੂ ਦੇ ਘੁੱਟ
ਭਰਦਾ ਰਿਹਾ

–0–

ਪਰ ਨਾ ਘਰ ਦੀਆਂ
ਕੰਧਾਂ ਨੂੰ ਨੀਂਦ ਆ ਸਕੀ
ਨਾ ਘਰ ਦੇ ਬਰਤਨਾਂ ਦੀ
ਭੁੱਖ ਮਿਟ ਸਕੀ
ਨਾ ਘਰ ਦੀ ਰਸੋਈ
ਨਾ ਘਰ ਦਾ ਚੁੱਲ੍ਹਾ ਚੌਂਕਾ
ਮਦਰੱਸੇ ਹੀ ਜਾ ਸਕਿਆ
ਨਾ ਉਹ
ਆਪਣੀ ਤ੍ਰਿਮਤ ਦੀਆਂ ਅੱਖ੍ਹਾਂ ਦੀ
ਹਿਰਸ ਹੀ ਮਿਟਾ ਸਕਿਆ

–0–

ਨਾ ਉਹ ਬਾਪ
ਨਾ ਪਤੀ ਨਾ ਘਰ ਵਾਲਾ ਹੀ
ਅਖਵਾ ਸਕਿਆ
ਘਰ ਦੀ ਗਤੀ ਦੀ ਤਲਾਸ਼ 'ਚ
ਉਹ ਸਿਰ ਤਲੀ ਤੇ ਧਰ ਗਿਆ
ਗਤੀ ਨੂੰ ਢੂੰਡਦਾ ਹੀ ਢੂੰਡਦਾ
ਘਰ ਦੀਆਂ ਨੀਂਹਾਂ ਹੇਠ ਆ ਕੇ ਮਰ ਗਿਆ

-----

## ਗੱਲ ਸੀ

ਉਹ ਪੱਥਰ ਵਾਂਗ
ਆਪਣੀ ਚੁੱਪ 'ਚ ਬੈਠਾ ਰਿਹਾ
ਪਰ ਗੱਲ ਸੀ
ਜੋ ਤੁਰੀ
ਦਰਪਣ ਤੇ ਚਿਹਰੇ ਦੇ ਅੰਦਰ ਤੱਕ
ਖੁੱਲ੍ਹ ਗਈ
ਸ਼ੋਰ 'ਚ ਚੁੱਪ ਦੀ ਹਨ੍ਹੇਰੀ ਵਾਂਗ
ਝੁੱਲ ਗਈ

–0–

ਉਹ ਕੀ ਬੋਲਦਾ
ਕੀ ਭੇਦ ਖੋਲ੍ਹਦਾ
ਉਸਦਾ ਕੌਣ ਵਿਸ਼ਵਾਸ ਕਰਦਾ
ਕਿ ਉਸ ਚੋਂ
ਸਮਾਂ ਤੁਰਿਆ ਹੈ
ਪਰ ਉਹ ਗਤੀਹੀਣ ਹੈ
ਉਸ ਚੋਂ
ਮੌਸਮ ਬਹਾਰਾਂ ਰੁੱਤਾਂ ਜਨਮੀਆਂ ਹਨ
ਪਰ
ਉਹ ਉਜਾੜ ਹੈ

–0–

ਉਸਨੇ
ਮਨੁੱਖਤਾ ਵਿਸਥਾਰੀ ਹੈ
ਪਰ ਉਹ ਕੁੱਖਹੀਣ ਹੈ
ਉਸ ਚੋਂ ਸਮੁੰਦਰ ਪਹਾੜ ਜੰਗਲ
ਪ੍ਰਕਿਰਤੀ ਪ੍ਰਗਟੀ ਹੈ
ਪਰ ਉਹ ਸਹਿਰਾ ਹੈ
ਉਸ ਚੋਂ
ਜ਼ਿੰਦਗੀ ਦਾ ਅਗਾਜ਼ ਹੋਇਆ ਹੈ
ਪਰ ਉਸਦਾ
ਆਦਿ ਹੀ ਉਸਦਾ ਅੰਤ ਹੈ

-0-

ਉਸਦੇ ਚਿਹਰੇ ਚੋਂ
ਦਰਪਣ ਦੀ ਸਮੂਹਕ ਸਮੱਗਰੀ
ਸਿਰਜੀ ਗਈ
ਦਰਪਣ ਚੋਂ ਮਨਫ਼ੀ ਹੈ
ਉਸਨੂੰ ਦਰਪਣ ਸਵੀਕਾਰ ਨਹੀਂ
ਕਰਦਾ
ਉਸਦੇ ਨੈਣ ਨਕਸ਼ ਨੁਹਾਰ
ਦਰਪਣ ਦਾ ਵਜੂਦ ਹੈ
ਉਸਦੀ ਤਾਸੀਰ ਤੇ ਜ਼ਮੀਰ
ਦਰਪਣ 'ਚ ਮੌਜੂਦ ਹੈ
ਪਰ ਦਰਪਣ
ਉਸਦੀ ਹੋਂਦ ਦੇ ਸੱਚ ਦੇ ਵਿਪਰੀਤ ਹੈ

-0-

ਦਰਪਣ ਤੇ ਉਹ
ਪੁੱਠੇ ਪੈਰੀਂ ਤੁਰਦੇ ਤੁਰਦੇ
ਇਕ ਦੂਜੇ ਤੋਂ ਏਨੀ ਦੂਰ ਹੋ ਗਏ
ਕਿ ਇਕ ਦੂਜੇ ਦੀ ਮਹਿਕ
ਇਕ ਦੂਜੇ ਚੋਂ ਮਿਟ ਗਈ
ਇਕ ਦੂਜੇ ਦੇ ਭੂਤ ਤੇ ਭਵਿੱਖ ਚੋਂ
ਆਲੋਪ ਹੋ ਗਈ

-0-

ਹੁਣ ਦਰਪਣ
ਚਿਹਰੇ ਦੇ ਭੂਤ ਤੋਂ ਬਾਹਰ ਸੀ
ਚਿਹਰਾ
ਦਰਪਣ ਦੇ ਭਵਿੱਖ ਤੋਂ ਬਾਹਰ ਸੀ

-0-

ਚਿਹਰੇ ਕੋਲ
ਆਪਣਾ ਚਿਹਰਾ ਸੀ
ਦਰਪਣ ਕੋਲ
ਆਪਣਾ ਵਿਸਥਾਰ ਸੀ
ਆਪਣਾ ਆਪਣਾ
ਵਰਤਮਾਨ ਸੀ
ਜੋ ਦੋਹਾਂ ਦੇ ਵਿਚਕਾਰ ਸੀ

-0-

ਦੋਹਾਂ ਦੇ ਵਰਤਮਾਨ 'ਚ
ਇਕ ਗੱਲ ਸੀ
ਜੋ ਤੁਰੀ ਤੇ ਅੰਦਰ ਤੱਕ ਖੁਲ੍ਹ ਗਈ
ਦੋਹਾਂ ਦੇ ਵਰਤਮਾਨ 'ਚ ਡੁੱਲ੍ਹ ਗਈ
ਉਸਦਾ ਚਿਹਰਾ
ਜੋ ਦਰਪਣ ਦਾ ਭੂਤ ਸੀ
ਉਸਤੋਂ ਸ਼ੁਰੂ ਹੋਈ
ਤੇ ਦਰਪਣ ਦਾ ਭਵਿੱਖ
ਜੋ ਚਿਹਰੇ ਦਾ ਵਿਸਥਾਰ ਸੀ
ਉਸ ਤੇ ਮੁੱਕ ਗਈ
ਸ਼ੋਰ 'ਚ ਚੁੱਪ ਦੀ ਹਨ੍ਹੇਰੀ ਵਾਂਗ
ਝੁੱਲ ਗਈ

------

## ਵਿੱਦਿਆ

ਮਦਰੱਸੇ 'ਚ ਬੈਠੀਆਂ
ਨੰਨ੍ਹੀਆਂ ਨੰਨ੍ਹੀਆਂ ਜੋਤਾਂ
ਜਗ ਰਹੀਆਂ ਹਨ
ਜੋਤਾਂ ਤੋਂ ਸੂਰਜ ਹੋ ਰਹੀਆਂ ਹਨ
ਹਨ੍ਹੇਰੇ ਧੁੱਪ ਰਹੇ ਹਨ
ਹਨ੍ਹੇਰੇ ਧੋਅ ਨਹੀਂ ਰਹੀਆਂ
ਸੂਰਜ ਹੋਣ ਨਾਲ
ਹਨ੍ਹੇਰੇ ਧੁੱਪ ਜਾਂਦੇ ਹਨ
ਧੋਏ ਨਹੀਂ ਜਾਂਦੇ

-0-

ਸਕੂਲ 'ਚ
ਬੈਠੀਆਂ ਜੋਤਾਂ
ਅੱਖਰ ਅੱਖਰ ਤੋਂ
ਪੈਂਤੀ ਅੱਖਰੀਂ ਹੋ ਰਹੀਆਂ ਹਨ
ਬੂੰਦ ਚੋਂ ਸਮੁੰਦਰ 'ਚ ਢਲ ਰਹੀਆਂ ਹਨ
ਜ਼ਰੇ ਤੋਂ
ਪਹਾੜ ਬਣ ਰਹੀਆਂ ਹਨ
ਰੌਸ਼ਨੀ
ਆਪਣੇ 'ਚ ਉਤਾਰ ਰਹੀਆਂ ਹਨ
ਰੌਸ਼ਨੀ ਚੜ੍ਹ ਰਹੀਆਂ
ਰੌਸ਼ਨ ਹਨ
ਇਸ ਲਈ ਰੌਸ਼ਨੀ ਹੋ ਰਹੀਆਂ ਹਨ

-0-

ਮਦਰੱਸੇ ਦੀਆਂ ਜੋਤਾਂ
ਚੰਨਾਂ ਸੂਰਜਾਂ ਤਾਰਿਆਂ
ਗ੍ਰਿਹਾਂ ਉਪ ਗ੍ਰਿਹਾਂ ਦਾ ਸਫ਼ਰ
ਕਰ ਰਹੀਆਂ ਹਨ
ਆਪਣੇ ਆਪ ਨੂੰ
ਗਿਆਨ ਵਿਗਿਆਨ ਨਾਲ
ਭਰ ਰਹੀਆਂ ਹਨ
ਸਾਗਰਾਂ ਦੇ ਪਿੰਡੇ
ਹੰਢਾ ਰਹੀਆਂ ਹਨ
ਅਕਾਸ਼ ਹਵਾ ਅੱਗ ਜਲ ਧਰਤੀ
ਆਪਣੀਆਂ ਮੁੱਠਾਂ ਵਿਚ ਫੜ ਰਹੀਆਂ ਹਨ
ਧਰਤੀ 'ਚ ਅੰਬਰ
ਅੰਬਰ 'ਚ ਧਰਤੀ ਧਰ ਰਹੀਆਂ ਹਨ

-0-

ਸਕੂਲੀ ਜੋਤਾਂ
ਜੋਤਾਂ ਤੋਂ ਸੂਰਜ ਹੋ ਰਹੀਆਂ ਹਨ
ਆਪਣੇ ਆਪ 'ਚ
ਚਾਨਣ ਰੌਸ਼ਨੀ ਤੇ ਤੇਜ਼ ਨਾਲ
ਭਰ ਗਈਆਂ ਹਨ
ਆਪਣੇ ਹੀ ਸੂਰਜ ਦੇ ਸੇਕ ਹੇਠ
ਠਰ ਰਹੀਆਂ ਹਨ
ਆਪਣੇ ਆਪ ਨੂੰ
ਕਿੰਜ ਨਿੱਘੀਆਂ ਕਰਨ

ਇਸਦੀ ਸਿਆਣਪ
ਮਦਰੱਸੇ 'ਚ
ਵਰਤਾਈ ਗਈ ਭਾਸ਼ਾ 'ਚ
ਨਹੀਂ ਹੈ
ਜਿਸ ਤੋਂ ਬਿਨਾਂ
ਜੋਤ ਤੋਂ ਸੂਰਜ ਹੋਈਆਂ ਜੋਤਾਂ
ਸੂਰਜ ਹੋ ਕੇ ਵੀ ਚਾਨਣ ਰਹਿਤ ਹਨ

-0-

ਬ੍ਰਹਿਮੰਡਕ ਊਰਜਾ
ਜੋਤਾਂ ਦੇ ਵਜੂਦ ਦੀ ਕਾਰਜ ਪ੍ਰਣਾਲੀ 'ਚ
ਢਲ ਗਈ ਹੈ
ਇਹ ਊਰਜਾ
ਜੋਤਾਂ ਦੇ ਵਜੂਦ ਚੋਂ ਡੁੱਲ੍ਹ ਡੁੱਲ੍ਹ
ਬਾਹਰ ਪੈ ਰਹੀ ਹੈ
ਪਰ ਇਸਦੀ ਵਰਤੋਂ
ਮਨੁੱਖਤਾ ਦੀ ਭਲਾਈ ਲਈ
ਕਿਵੇਂ ਕੀਤੀ ਜਾਏ
ਮਦਰੱਸੇ 'ਚ ਵਰਤਾਈ ਗਈ ਭਾਸ਼ਾ
ਇਸ ਸਿਆਣਪ ਤੋਂ ਰਹਿਤ ਹੈ
ਇਸ ਲਈ
ਇਸਦੀ ਵਰਤੋਂ ਨੇ ਹੁਣ ਤੱਕ
ਧਰਤੀ ਦਾ ਹਰ ਅੰਗ ਲੂਹਿਆ ਹੈ
ਹਰ ਨਕਸ਼ ਝੁਲਸਿਆ ਹੈ

-0-

ਆਦਿ ਤੋਂ ਹੁਣ ਤੱਕ ਦੇ ਸਫ਼ਰ 'ਚ
ਜਿਸ ਮਨੁੱਖੀ ਸੰਕਲਪ ਦੀ
ਵਿਸ਼ਵ ਮੰਚ ਤੇ ਸਥਾਪਨਾ ਹੋਈ ਹੈ
ਉਹ-ਚਾਰ ਵੇਦਾਂ ਦਾ ਵਕਤਾ ਹੈ
ਵਿਦਵਾਨ ਹੈ
ਪਰ ਸਿਆਣਪ ਰਹਿਤ ਮਨੁੱਖ ਹੈ
ਤਾਂ ਹੀ ਤਾਂ
ਉਸਦਾ ਬੁੱਤ
ਹਰ ਸਾਲ ਸਾੜਿਆ ਜਾਂਦਾ ਹੈ
ਸਿਆਣਪ ਰਹਿਤ
ਗਿਆਨ ਦੀ ਅੱਗ ਨੂੰ
ਠਾਰਿਆ ਜਾਂਦਾ ਹੈ

–0–

ਮਨੁੱਖ ਅੱਜ ਜਿਸ ਸਿਖ਼ਰ ਤੇ ਹੈ
ਉਸ ਚੋਂ ਜੀਵਨ ਮਨਫ਼ੀ ਹੈ
ਮਨੁੱਖ ਮਨਫ਼ੀ ਹੈ
ਅਜੋਕਾ ਮਨੁੱਖ
ਜੋ ਕੁੱਝ ਵੀ ਨਹੀਂ ਸੀ ਬਣ ਸਕਦਾ
ਉਹ ਤਾਂ ਬਣ ਗਿਆ ਹੈ
ਸਾਗਰਾਂ ਧਰਤੀਆਂ ਚੰਨਾਂ ਸੂਰਜਾਂ
ਤਾਰਿਆਂ ਅੰਬਰਾਂ ਨੂੰ ਤਾਂ ਫ਼ਤਹਿ
ਕਰ ਗਿਆ ਹੈ

ਪਰ ਮਨੁੱਖਤਾ ਦੇ ਮੈਦਾਨ 'ਚ
ਮਨੁੱਖ ਬਣਨ ਤੋਂ ਹਰ ਗਿਆ ਹੈ

-0-

ਸਕੂਲਾਂ 'ਚ ਬੈਠੀਆਂ
ਨੰਨ੍ਹੀਆਂ ਨੰਨ੍ਹੀਆਂ ਜੋਤਾਂ ਨੂੰ
ਗਿਆਨ ਮਿਲਿਆ ਹੈ
ਵਿਗਿਆਨ ਮਿਲਿਆ ਹੈ
ਪਰ ਸਿਆਣਪ ਨਹੀਂ ਮਿਲੀ
ਇਹ ਜੋਤਾਂ ਦਾ ਨਹੀਂ
ਮਦਰੱਸੇ 'ਚ ਵਰਤਾਈ ਜਾ ਰਹੀ
ਵਿੱਦਿਆ ਦਾ ਕਸੂਰ ਹੈ
ਜੋ ਗਿਆਨ ਵਿਗਿਆਨ ਦੇ
ਤਾਂ ਨੇੜੇ ਹੈ
ਪਰ ਸਿਆਣਪ ਤੋਂ ਦੂਰ ਹੈ

------

## ਸਟੇਸ਼ਨ

ਉਹ ਸਟੇਸ਼ਨ ਤੇ ਖੜ੍ਹਾ
ਵੇਖ ਰਿਹਾ ਸੀ
ਜੀਵਨ ਦੀ ਰੇਲ ਗੱਡੀ ਤੇ
ਝੂਠ ਚੜ੍ਹ ਰਿਹਾ ਹੈ
ਝੂਠ ਉਤਰ ਰਿਹਾ ਹੈ

-0-

ਝੂਠ ਨੇ ਝੂਠ ਦਾ ਸਮਾਨ
ਉਠਾਇਆ ਹੈ
ਝੂਠ ਨੇ ਝੂਠ ਨੂੰ ਮੋਢਿਆਂ ਤੇ
ਸਿਰ ਤੇ ਚਾੜ੍ਹਿਆ ਹੈ
ਝੂਠ ਦੇ ਪੈਰ
ਝੂਠ ਨੂੰ ਉਠਾਈ ਲੈ ਜਾ ਰਹੇ ਹਨ
ਇਹ ਝੂਠ ਦੇ ਮਾਰੇ ਲੋਕ
ਕਿੱਧਰੋਂ ਆ ਰਹੇ ਹਨ
ਕਿੱਧਰ ਜਾ ਰਹੇ ਹਨ

-0-

ਇਹ ਸਟੇਸ਼ਨ ਹੈ
ਇਹ ਤਾਂ ਕਿਸੇ ਦਾ ਘਰ ਨਹੀਂ
ਇਹ ਤਾਂ ਸੱਚ ਨਹੀਂ

ਪਰ ਇਹ ਚੌਵੀ ਘੰਟਿਆਂ 'ਚ
ਇਕ ਪਲ ਵੀ ਖ਼ਾਲੀ ਨਹੀਂ ਹੁੰਦਾ
ਭਰਿਆ ਹੀ ਰਹਿੰਦਾ ਹੈ
ਹੜ੍ਹ ਆਏ ਦਰਿਆ ਵਾਂਗ
ਚੜ੍ਹਿਆ ਹੀ ਰਹਿੰਦਾ ਹੈ

-0-

ਗੱਡੀ ਆਏ ਨਾ ਆਏ
ਕੋਈ ਭਰੋਸਾ ਨਹੀਂ
ਮੁਸਾਫ਼ਰ ਚੜ੍ਹੇ ਨਾ ਚੜ੍ਹੇ
ਕੋਈ ਭਰੋਸਾ ਨਹੀਂ
ਇਹ ਤਾਂ ਭਰਮ ਹੀ ਭਰਮ ਹੈ
ਇਹ ਭਰਮ
ਭਰਮ ਲਈ
ਸੱਚ ਤੋਂ ਵੀ ਸੱਚਾ ਹੈ
ਗਹਿਰੇ ਤੋਂ ਗਹਿਰਾ ਹੈ
ਸੰਘਣੇ ਤੋਂ ਸੰਘਣਾ ਹੈ
ਭਰਮ 'ਚ ਭਰਮ ਦਾ ਬਸੇਰਾ ਹੈ
ਭਰਮ ਦਾ ਚਾਨਣ ਹੈ
ਭਰਮ ਦਾ ਹਨ੍ਹੇਰਾ ਹੈ

-0-

ਇਹ ਭਰਮ
ਜੀਵਨ ਭਰਮ ਹੈ
ਝੂਠੇ ਲੋਕਾਂ ਦਾ ਝੂਠਾ ਲੇਖਾ ਜੋਖਾ ਹੈ
ਇਸਦਾ ਸੱਚ ਥੋੜ੍ਹਾ ਹੈ
ਇਸਦਾ ਝੂਠ ਚੋਖਾ ਹੈ

-0-

ਇਸ ਜ਼ੀਵਨ ਭਰਮ ਨੇ
ਆਪਣਾ ਸੱਚ ਵਿਸਾਰ ਲਿਆ ਹੈ
ਭਰਮ ਹੋ ਕੇ
ਆਪਣੇ ਭਰਮ ਦੁਆਲੇ
ਭਰਮ ਹੀ ਭਰਮ ਉਸਾਰ ਲਿਆ ਹੈ

-0-

ਇਸ ਭਰਮ ਦਾ ਸੱਚ
ਤਾਂ ਮੌਤ ਸੀ
ਜੋ ਇਸ ਭਰਮ ਨੂੰ ਯਾਦ ਹੀ ਨਹੀਂ
ਜੋ ਇਸ ਭਰਮ ਦੀ ਦੁਨੀਆਂ 'ਚ
ਆਬਾਦ ਹੀ ਨਹੀਂ

-0-

ਇਹ ਭਰਮ
ਆਪਣਾ ਸੱਚ ਭੁੱਲਾ ਕੇ
ਆਪਣੇ ਆਪ ਤੇ
ਆਪਣੇ ਮੋਹ 'ਚ ਡੁਲ੍ਹ ਗਿਆ ਹੈ
ਇਸਦਾ
ਦਰਪਣ ਵੀ ਭਰਮ ਹੈ
ਇਸਦਾ ਚਿਹਰਾ ਵੀ ਭਰਮ ਹੈ
ਨਾ ਇਸਨੂੰ
ਦਰਪਣ ਚੋਂ ਚਿਹਰੇ ਦਾ ਸੱਚ
ਨਜ਼ਰ ਆਉਂਦਾ ਹੈ
ਨਾ ਇਸ ਨੂੰ ਚਿਹਰੇ ਚੋਂ
ਦਰਪਣ ਦਾ ਸੱਚ ਨਜ਼ਰ ਆਉਂਦਾ ਹੈ

-0-

ਇਸਨੂੰ
ਝੂਠ ਹੀ ਸੱਚ ਨਜ਼ਰ
ਆਉਂਦਾ ਹੈ
ਇਸਨੂੰ ਭਰਮ ਹੀ
ਅਸਲ ਨਜ਼ਰ ਆਉਂਦਾ ਹੈ
ਸਟੇਸ਼ਨ ਦੇ ਝੂਠ 'ਚ
ਲੋਕਾਂ ਦਾ ਝੂਠ ਉਤਰ ਚੜ੍ਹ ਰਿਹਾ ਹੈ
ਰੇਲ ਦੇ ਝੂਠ 'ਚ
ਝੂਠ ਸਫ਼ਰ ਕਰ ਰਿਹਾ ਹੈ
ਜ਼ਿੰਦਗੀ ਚੋਂ
ਜ਼ਿੰਦਗੀ ਦਾ ਸੱਚ ਮਰ ਰਿਹਾ ਹੈ

-----

## ਬਜ਼ਾਰ ਦਾ ਸੱਚ

ਅੱਖ੍ਹਾਂ ਦੇਖ ਰਹੀਆਂ ਸਨ
ਸੱਜੇ ਬਜ਼ਾਰ ਦੇ ਵਜ਼ੂਦ ਚੋਂ
ਬੋਧ
ਬਜ਼ਾਰ ਦਾ ਅੰਦਰਲਾ ਸੱਚ
ਭਾਲਦਾ ਹੈ
ਚੇਤਨਾ
ਬਜ਼ਾਰ ਦੀ ਆਤਮਾ
ਬਜ਼ਾਰ ਦੀ ਰੂਹ ਦੇਖਦੀ ਹੈ
ਜ਼ਿੰਦਗੀ ਦੀ ਥਾਂ
ਬਜ਼ਾਰੀ ਕਾਰਜ ਪ੍ਰਣਾਲੀ
ਮੌਤ ਵੇਚਦੀ ਹੈ

-0-

ਖਰੀਦਣਾ ਚਾਹੁੰਦਾ ਨਹੀਂ ਮਨ
ਬਜ਼ਾਰ ਦਾ ਵਸਤੂ ਸਰੀਰ
ਨਕਲੀ ਸਜਾਵਟ
ਸੁੰਦਰਤਾ ਰੰਗ ਤੇ ਖ਼ੁਸ਼ਬੂਆਂ
ਫਿਰ ਰਿਹਾ ਹੈ
ਦੁਕਾਨ ਤੋਂ ਦੁਕਾਨ
ਇਕ ਵਿਓਪਾਰੀ
ਭਾਲਦਾ ਹੈ ਬਜ਼ਾਰ 'ਚ ਵਿਕ ਰਹੇ
ਖਿਡਾਉਂਣਿਆਂ ਚੋਂ ਜੀਵਨ ਸੱਚ
ਬਾਲ ਤੋਂ ਬਜ਼ੁਰਗ ਹੋਏ

ਇਕ ਮਿੱਟੀ ਦੇ ਬਾਵੇ ਚੋਂ
ਜੀਵਨ ਉਦੇਸ਼
ਰਾਮ ਸੀਤਾ ਦੇ ਬੁੱਤਾਂ ਚੋਂ
ਬ੍ਰਹਮ ਤੇ ਬ੍ਰਹਮ ਦੀ ਜੋਤ

-0-

ਗੁੱਡੀਆਂ ਗੁੱਡਿਆਂ ਦੇ ਢੇਰ ਹਨ
ਘੁੱਗੀਆਂ ਤੋਤਿਆਂ ਚਿੱੜੀਆਂ
ਮੋਰਾਂ ਤੇ ਰੰਗ ਬਰੰਗੇ
ਪੰਛੀਆ ਦੀਆਂ ਡਾਰਾਂ ਹਨ
ਬਜ਼ਾਰ 'ਚ ਵਿਕਦੀਆਂ
ਜ਼ਿੰਦਗੀ ਦੀਆਂ ਰੌਣਕਾਂ ਹਨ
ਉਜਾੜਾਂ ਹਨ

-0-

ਮਾਖ਼ੌਟੇ ਹਨ
ਫ਼ਰੇਬ ਦੇ ਪੁੱਤਲੇ ਹਨ
ਧੋਖੇ ਦੇ ਨੈਣ ਨਕਸ਼ ਹਨ
ਇਹ ਖੂਹ ਦੀਆਂ ਟਿੰਡਾਂ
ਉਲਟ ਰਹੀਆਂ ਹਨ
ਪਾਣੀ ਦੀ ਥਾਂ ਲਹੂ
ਇਕ ਮੰਦਰ ਦੇ ਦਰ ਤੇ
ਕੱਟਿਆ ਪਿਆ ਹੈ
ਗਊ ਦਾ ਸਿਰ

ਇਕ ਮਸਜਿਦ ਦੀ ਸਰਦਲ ਤੇ
ਕੱਟਿਆ ਪਿਆ ਹੈ
ਧੜ ਸੂਰ ਦਾ
ਕਿਤੇ ਸੂਲੀ ਤੇ ਲਟਕਦਾ ਹੈ
ਸਿਰ ਸੱਚੇ ਹਜ਼ੂਰ ਦਾ

-0-

ਕਿਤੇ
ਨੈਣ ਵੈਸ਼ੀਆਂ ਦੇ ਨੇ
ਕੋਠੇ ਤੋਂ ਝਾਕਦੇ
ਕਿਤੇ ਘੁੰਗਰੂ ਦੀ ਗੂੰਜ ਹੈ
ਕਿਤੇ ਨ੍ਰਿਤ ਹੈ ਰਾਗ ਹੈ ਸਾਜ਼ ਹੈ
ਚੀਕ ਚਿਹਾੜੇ 'ਚ
ਕਿਤੇ ਆਵਾਜ਼ ਦੀ ਬੇਅਵਾਜ਼ ਹੈ

-0-

ਕਿਤੇ
ਖਿੜਕੀ ਚੋਂ ਆ ਰਹੀ ਹੈ
ਮਹਿਕ ਨੰਗੇ ਜਿਸਮ ਦੀ
ਟਰੇਅ 'ਚ ਸਜਿਆ ਵਿਕ ਰਿਹਾ ਹੈ
ਜਿਸਮ ਔਰਤ ਦਾ
ਬਜ਼ਾਰ 'ਚ
ਲਟਕ ਰਿਹਾ ਹੈ
ਕੱਟਿਆ ਮਾਸ ਬੰਦੇ ਦਾ
ਬੱਕਰੇ ਦਾ ਹਿਰਨ ਦਾ

ਖ਼ਰਗੋਸ਼ ਦਾ
ਫਿਰ ਰਿਹਾ ਹੈ
ਇਕ ਵਿਓਪਾਰੀ ਹੋਸ਼ ਦੀ ਮੰਡੀ 'ਚ
ਬੇਹੋਸ਼ ਜਿਹਾ
ਕੀ ਭਾਲਦਾ ਸੀ
ਕਿੱਥੇ ਆ ਗਿਆ ਹੈ
ਆਪਣੇ ਆਪ ਤੇ ਲੱਗੇ ਦੋਸ਼ ਜਿਹਾ

-0-

ਉਹ
ਇਕ ਦੁਕਾਨ 'ਚ ਲਟਕਦੇ
ਪਿੰਜਰੇ 'ਚ ਤੋਤੇ ਕੋਲ ਆ ਗਿਆ
ਬਿਜਲੀ ਦਾ ਤੋਤਾ
ਬੋਲ ਕੇ ਉਸਨੂੰ ਸੁਣਾ ਗਿਆ
ਜਿਸ ਸੱਚ ਨੂੰ ਤੂੰ ਭਾਲਦਾ ਹੈਂ
ਇਸ ਬਜ਼ਾਰ 'ਚ
ਉਹ ਸੱਚ
ਇਸ ਬਜ਼ਾਰ ਦੀਆਂ ਨੀਂਹਾਂ
ਹੇਠ ਆ ਗਿਆ
ਉਸ ਸੱਚ ਨੂੰ
ਬਜ਼ਾਰ ਦੀਆਂ ਰੰਗੀਨੀਆਂ ਤੇ
ਰੌਣਕਾਂ ਨੇ ਖਾ ਲਿਆ

-0-

ਉਹ ਯੁੱਗਾਂ ਤੋਂ ਬੈਠਾ ਸੀ
ਆਪਣੀ ਹੱਟ ਪ੍ਰਾਈ
ਇਸ ਬਜ਼ਾਰ 'ਚ

ਸੱਚ ਉਸਦੀ ਰਾਸ ਸੀ
ਬਜ਼ਾਰੀ ਕਾਰੋਬਾਰ 'ਚ
ਇਸ ਭਰੇ ਬਜ਼ਾਰ 'ਚ
ਇਕ ਵੀ ਗਾਹਕ
ਉਸਦੀ ਹੱਟ ਤੇ ਆਇਆ ਨਹੀਂ
ਇਕ ਵੀ ਧੇਲਾ
ਉਸ ਸਾਰੀ ਉਮਰ 'ਚ
ਕਮਾਇਆ ਨਹੀਂ
ਆਖ਼ਿਰ
ਆਪਣੀ ਹੀ ਰਾਸ ਖਾ ਕੇ
ਦਿਨ ਪੂਰੇ ਕਰ ਗਿਆ
ਜਨਮਿਆ ਸੀ
ਜਿਸ ਦਿਨ ਬਜ਼ਾਰ ਇਹ
ਉਸ ਦਿਨ ਸੀ
ਉਹ ਵਿਓਪਾਰੀ ਮਰ ਗਿਆ

-----

## ਪੱਥਰ ਦਾ ਮਨੁੱਖ

ਸੂਝ ਦਾ ਸੂਰਜ
ਦਿਸਹੱਦੇ ਤੇ ਆ ਕੇ
ਡੁੱਬ ਗਿਆ ਹੈ
ਦਲੀਲ ਪੈਰਾਂ ਦੀ ਧਰਤੀ
ਤਿਆਗ ਗਈ ਹੈ
ਬੋਧ ਚੋਂ
ਰਾਹ ਮਨਫ਼ੀ ਹੋ ਗਏ ਹਨ
ਚੇਤਨਾ ਦੀ ਨਜ਼ਰ ਚੋਂ
ਮੰਜ਼ਿਲਾਂ ਅਲੋਪ ਹੋ ਗਈਆਂ ਹਨ

–0–

ਜ਼ਿੰਦਗੀ
ਆਪਾਂ ਕੂਚਦੀ ਆਪਣਾ ਮੁੱਖ
ਸੁਆਰਦੀ
ਆਪਣੀ ਦੇਹ 'ਚ
ਸੱਚ ਸੁੰਦਰਤਾ ਕਲਿਆਣ
ਘੋਲਦੀ
ਆਪਣੀ ਸੂਝ ਦੇ ਦਰਪਣ 'ਚ
ਮੈਲੀ ਹੋ ਗਈ ਹੈ
ਆਪਣੇ ਨਰਕ ਦੇ ਪਹਾੜ
ਹੇਠਾਂ ਆ ਗਈ ਹੈ
ਜ਼ਿੰਦਗੀ ਦੀ ਗਤੀ ਨੂੰ
ਜ਼ਿੰਦਗੀ ਦੀ ਅਗਤੀ ਖਾ ਗਈ ਹੈ

–0–

ਧਰਤੀ ਨੂੰ ਘੁੰਮਣਾ ਭੁੱਲ ਗਿਆ ਹੈ
ਮੌਸਮਾਂ ਰੁੱਤਾਂ ਬਹਾਰਾਂ ਨੂੰ
ਜੰਮਣਾ ਭੁੱਲ ਗਿਆ ਹੈ
ਫੁੱਲਾਂ ਦੇ ਚਿਹਰਿਆਂ ਤੇ
ਚੇਚਕ ਦੇ ਦਾਗ਼ ਹਨ
ਕਲੀਆਂ ਦੇ ਜ਼ਿਸਮਾਂ 'ਚ
ਨੇ ਮਹਿਕਾਂ ਸੜਦੀਆਂ
ਮੋਰਾਂ ਦਾ ਨਾਚ
ਕਬਰਾਂ ਦਾ ਸਰਨਾਟਾ ਹੋ ਗਿਆ ਹੈ
ਬੁਲਬੁਲ ਦਾ ਨਗ਼ਮਾਂ
ਕਬਰਾਂ ਦੀ ਧੁੱਪ 'ਚ ਖੋਹ ਗਿਆ ਹੈ

-0-

ਮਨੁੱਖ ਦੇ ਦਿਲ ਚੋਂ ਹੈ
ਦਿਲ ਦੀ ਧੜਕਣ ਨੁੱਚੜ ਗਈ
ਮਨੁੱਖ ਦੇ ਜਜ਼ਬਾਤਾਂ ਦੀ ਹਸਰਤ
ਹੈ ਸੂਲੀ ਚੜ੍ਹ ਗਈ
ਮਨੁੱਖ ਨੂੰ ਆਪਣੀ ਸੂਝ ਤਰਕ ਤੇ
ਬੋਧ ਦੀ ਹੈ ਸੱਪਣੀ ਲੜ ਗਈ

-0-

ਜ਼ਹਿਰ ਇਸ ਸੱਪਣੀ ਦਾ
ਮਨੁੱਖ ਤੋਂ ਮਨੁੱਖਤਾ 'ਚ
ਪਲਾਂ ਤੋਂ ਯੁੱਗਾਂ 'ਚ ਹੈ ਫੈਲਿਆ

ਆਦਮੀ ਇਸ ਭਾਰ ਹੇਠਾਂ
ਜਜ਼ਬੇ ਰਹਿਤ ਪੱਥਰ ਬਣਕੇ
ਰਹਿ ਗਿਆ

-0-

ਨਾ ਹੁਣ
ਅਨੁੱਖੀ ਰੁੱਖ ਦੇ ਪਿੰਡੇ ਚੋਂ
ਕੋਈ ਮੁਸਕਰਾਹਟ ਪੁੰਗਰਦੀ ਹੈ
ਨਾ ਸੁੱਖ ਦੁੱਖ ਦਾ ਅੱਥਰੂ
ਅੱਖੀਆਂ ਚੋਂ ਟਪਕਦਾ ਹੈ
ਨਾ ਦਿਲ ਕਿਸੇ ਨਜ਼ਰ ਦਾ ਨਿੱਘ
ਮਹਿਸੂਸ ਕਰਦਾ ਹੈ
ਨਾ ਦਿਲ ਕੱਚੀਆਂ ਕਲੀਆਂ
ਲਈ ਧੜਕਦਾ ਹੈ

-0-

ਆਦਮੀ ਨੇ
ਆਪਣੀ ਸੂਝ ਬੂਝ ਤਰਕ ਚੇਤਨਾ
ਬੋਧ ਤੇ ਜਗਿਆਸਾ ਸੰਗ
ਸੀ ਜੋ ਭਵਿੱਖ
ਸਿਰਜਣਾ ਚਾਹਿਆ
ਉਹ ਮਨੁੱਖ ਦਾ ਕੋਹਜ
ਤੇ ਪੱਥਰ ਦਾ ਜੰਗਲ ਬਣ
ਮਨੁੱਖ ਦੇ ਚਿਹਰੇ ਤੇ
ਉੱਗ ਆਇਆ ਹੈ

-0-

ਜਿੱਥੇ
ਮਨੁੱਖ ਦੀ ਸੂਝ ਬੂਝ
ਤਰਕ ਬੋਧ
ਤਾਂ ਮਨੁੱਖ 'ਚ ਮੌਜੂਦ ਹੈ
ਪਰ ਮਨੁੱਖ ਦੇ ਜਜ਼ਬੇ ਹਸਰਤਾਂ
ਹੰਝੂ ਹਾਸੇ ਤੇ ਜ਼ਿੰਦਗੀ
ਮਨੁੱਖ ਤੋਂ ਦੂਰ ਹੈ
ਦਿਲ ਹੈ ਧੜਕਦਾ ਹੀ ਨਹੀਂ
ਅੱਥਰੂ ਹੈ ਟਪਕਦਾ ਹੀ ਨਹੀਂ
ਹਾਸਾ ਹੈ ਮਹਿਕਦਾ ਹੀ ਨਹੀਂ
ਖਿਲਰਦਾ ਹੀ ਨਹੀਂ
ਦਰਪਣ ਹੈ
ਪੱਥਰਾ ਗਿਆ
ਤਿੜਕਦਾ ਹੀ ਨਹੀਂ
ਮਨੁੱਖ ਹੈ ਪੱਥਰ ਬੋਲਦਾ ਹੀ ਨਹੀਂ
ਚੁੱਪ ਦੀ ਚੁੱਪ ਹੋਇਆ ਹੈ
ਚੁੱਪ ਤੋੜਦਾ ਹੀ ਨਹੀਂ

-----

# ਮਿੱਟੀ ਦੀ ਕਵਿਤਾ

ਉਸਨੇ
ਜੀਵਨ ਭੱਠੀ ਤੇ
ਆਪਣੀ ਦੇਹ ਦੀ ਭਾਸ਼ਾ ਭੁੰਨੀ
ਉਬਾਲੀ ਤੇ ਰਿੰਨ੍ਹੀ
ਆਪਣੀ ਮਰਜ਼ੀ ਦਾ
ਆਪਣੀ ਕਵਿਤਾ ਦਾ ਰੂਪ ਬਣਾ ਲਿਆ
ਆਪਣੀ ਮਰਜ਼ੀ ਦੀ ਮਿੱਟੀ ਗੋਈ
ਤਾਂ
ਆਪਣੀ ਮਰਜ਼ੀ ਦਾ
ਰੱਬੀ ਸਰੂਪ ਬਣਾ ਲਿਆ

-0-

ਕਵਿਤਾ
ਜੋ ਬਰਸਾਤਾਂ 'ਚ ਧੁੱਪਾਂ 'ਚ
ਚੋਂਦੀਆਂ
ਕੱਚੀਆਂ ਕੁੱਲੀਆਂ ਕੋਠਿਆਂ ਨੂੰ ਲਿਪਦੀ

-0-

ਕਵਿਤਾ
ਜੋ ਘਰਾਂ ਦੇ ਚੁੱਲ੍ਹੇ ਗਰਮਾਉਂਦੀ ਹੈ
ਤਵੇ ਤੇ ਰੋਟੀ ਵਾਂਗ ਪੱਕਦੀ ਹੈ

ਕਾੜ੍ਹਨੀ 'ਚ ਰਿੱਝਦੀ ਹੈ
ਚੌਂਕੇ 'ਚ
ਖ਼ਾਲੀ ਭਾਂਡਿਆਂ 'ਚ ਭਰੀ
ਜਾਂਦੀ ਹੈ

-0-

ਕਵਿਤਾ
ਜੋ ਭੁੱਖ ਦੀ ਮੁਕਤੀ ਦਾ
ਰੂਪ ਧਾਰਦੀ ਹੈ
ਕਵਿਤਾ
ਜੋ ਪਿਆਸੇ ਸਹਿਰਾ 'ਚ
ਬੱਦਲ ਉਤਾਰਦੀ ਹੈ

-0-

ਕਵਿਤਾ
ਜੋ ਸਵੇਰੇ ਉਸਦੇ ਨਾਲ
ਘਰੋਂ ਤੁਰਦੀ ਹੈ
ਤੇ ਦਿਨ੍ਹ ਦੀ ਮੁਸ਼ੱਕਤ ਪਿੱਛੋਂ
ਤ੍ਰਿਕਾਲੀਂ
ਉਸ ਨਾਲ ਘਰ ਪਰਤਦੀ ਹੈ
ਉਸਦੀ ਥਕਾਵਟ ਉਤਾਰਦੀ ਹੈ
ਉਸਦੀਆਂ ਅੱਖ੍ਹਾਂ ਤੇ ਨੀਂਦ ਦੇ
ਫਹਿਏ ਧਰਦੀ ਹੈ
ਉਸਦੇ ਨਾਲ ਜਿਉਂਦੀ ਹੈ
ਉਸਦੇ ਨਾਲ ਮਰਦੀ ਹੈ

-0-

ਕਵਿਤਾ
ਜੋ ਬੋਟਾਂ ਦੀਆਂ ਚੁੰਜਾਂ 'ਚ
ਚੋਗਾ ਸੀ
ਕਵਿਤਾ
ਜੋ ਬੀਮਾਰ ਕਮਰਿਆਂ
ਨੱਸ ਚੜ੍ਹੀਆਂ ਕੰਧਾਂ ਦਾ ਇਲਾਜ ਸੀ
ਕਵਿਤਾ ਜੋ ਜ਼ਿੰਦਗੀ ਦਾ ਬੋਲ ਸੀ
ਕਵਿਤਾ ਜੋ ਬੁੱਢਾਪੇ 'ਚ
ਆਸਰੇ ਵਾਂਗ ਉਸ ਕੋਲ ਸੀ

-0-

ਕਵਿਤਾ
ਜੋ ਖੇਤਾਂ 'ਚ ਉੱਗਦੀ ਸੀ
ਸਿਆਲ੍ਹਾਂ ਦੀਆਂ ਠਰੀਆਂ ਰਾਤਾਂ 'ਚ
ਠਰਦੇ ਰੁੱਖਾਂ ਦੇ ਬਦਨ ਢੱਕਦੀ ਸੀ
ਕਵਿਤਾ
ਜੋ ਮੁਫ਼ਲਿਸੀ ਦੇ ਘਰਾਂ 'ਚ
ਮਿੱਟੀ ਦੇ ਦੀਵੇ ਵਾਂਗ ਜਗਦੀ ਸੀ

-0-

ਉਸਨੇ ਜੀਵਨ ਭੱਠੀ ਤੇ
ਆਪਣੀ ਦੇਹ ਦੀ ਭਾਸ਼ਾ ਭੁੰਨੀ
ਉਬਾਲੀ ਤੇ ਰਿੰਨ੍ਹੀਂ
ਆਪਣੀ ਮਰਜ਼ੀ ਦਾ
ਕਵਿਤਾ ਦਾ ਰੂਪ ਬਣਾ ਲਿਆ
ਆਪਣੀ ਮਰਜ਼ੀ ਦੀ ਮਿੱਟੀ ਗੋਈ
ਆਪਣੀ ਮਰਜ਼ੀ ਦਾ
ਰੱਬੀ ਸਰੂਪ ਬਣਾ ਲਿਆ

------

## ਅੰਗ ਤੇ ਨਕਸ਼

ਜ਼ਿੰਦਗੀ ਹੈ
ਮੌਤ ਤੋਂ ਤੇਜ਼ ਤੁਰ ਰਹੀ
ਜ਼ਿੰਦਗੀ ਦੇ ਸਾਗਰ 'ਚ
ਮਨੁੱਖ ਦੀ ਹੋਂਦ ਹੈ
ਭੁਰ ਰਹੀ ਖੁਰ ਰਹੀ

–0–

ਜ਼ਿੰਦਗੀ ਦੇ ਸਾਗਰ ਕਿਨਾਰੇ
ਮਨੁੱਖ ਹੈ
ਰੇਤ ਦੇ ਜ਼ਰਿਆਂ ਵਾਂਗ ਖਿਲਰਿਆ
ਜ਼ਿੰਦਗੀ ਦੀ ਧੁੱਪ ਛਾਂ 'ਚ ਹੈ
ਪਿਘਲਿਆ

–0–

ਜ਼ਿੰਦਗੀ ਦੀ ਦੌੜ 'ਚ
ਦੌੜਦੇ ਰੁੱਖਾਂ ਤੋਂ
ਪੱਤਰ ਟਹਿਣੀਆਂ ਫੁੱਲ ਫੱਲ
ਤੇ ਬੀਜ ਹਨ ਝੜ ਗਏ
ਛਾਂ ਨੂੰ ਰੁੱਖਾਂ ਦੀ ਪਹਿਚਾਣ ਦੇ
ਰੁੱਖਾਂ ਨੂੰ ਛਾਂ ਦੀ ਸਿਆਣ ਦੇ
ਲਾਲ੍ਹੇ ਹਨ ਪੈ ਗਏ

ਆਪਣੇ
ਸਾਏ ਦੇ ਪਿੱਛੇ ਦੌੜਦਾ ਮਨੁੱਖ
ਆਪਣੇ ਸੱਚ ਤੋਂ ਹੈ
ਏਨਾ ਦੂਰ ਹੋ ਗਿਆ
ਜ਼ਿਵੇਂ
ਸੂਰਜ ਚੋਂ ਹੈ ਰੌਸ਼ਨੀ ਨੁੱਚੜ ਗਈ
ਚੰਨਾਂ ਤਾਰਿਆਂ ਚੋਂ
ਚਾਨਣ ਆਲੋਪ ਹੋ ਗਿਆ
ਜ਼ਿੰਦਗੀ ਦੀ ਦੌੜ 'ਚ
ਕੁੱਝ ਵੀ ਹਾਸਲ ਨਾ ਹੋਇਆ
ਜ਼ਿੰਦਗੀ ਦੀ ਦੌੜ 'ਚ
ਆਦਮੀ ਹੈ ਖੋਹ ਗਿਆ

-0-

ਮਨੁੱਖੀ ਚੇਤਨਾ
ਨਿੱਜੀ ਸੋਚ ਦੇ ਸਹਿਰਾ 'ਚ
ਜਲ ਦੀ ਤਲਾਸ਼ 'ਚ
ਹਰਿਆਵਲ ਦੇ ਬੁੱਲ੍ਹਾਂ ਦੀ
ਸਿਕਰੀ ਹੋ ਗਈ
ਮਨੁੱਖੀ ਮਨ ਦੀ ਖ਼ੁਸ਼ੀ
ਹਾਸੇ ਰੰਗ ਖ਼ੁਸ਼ਬੂਆਂ ਪਿਆਰ ਤੇ
ਬੋਲ ਤੋਂ
ਚੁੱਪ ਉਦਾਸੀ ਇਕੱਲਤਾ ਤੇ ਵੀਰਾਨੀ
ਹੋ ਗਈ

-0-

ਮਨੁੱਖ
ਨਾ ਆਪਣੀ ਸੋਚ ਦੀ ਛਾਵੇਂ ਬੈਠਾ
ਨਾ ਦਿਲ ਬਣਕੇ ਧੜਕਿਆ
ਜ਼ਿੰਦਗੀ ਦੀ ਦੌੜ 'ਚ
ਜ਼ਿੰਦਗੀ ਤੋਂ ਅੱਗੇ ਨਿਕਲਿਆ
ਅੱਧਾ ਇਸ ਦੌੜ 'ਚ ਮਰ ਗਿਆ
ਅੱਧਾ ਜ਼ਿੰਦਗੀ ਨੂੰ ਪਿੱਛੇ ਛੱਡ
ਫਿਰ ਇਕੱਲਾ ਰਹਿ ਗਿਆ

-0-

ਮਰਨ ਤੋਂ ਪਹਿਲਾਂ
ਮਨੁੱਖ ਦਾ ਤਿੜਕਿਆ ਚਿਹਰਾ
ਅੰਗਾਂ ਤੇ ਨਕਸ਼ਾਂ 'ਚ
ਜ਼ਿੰਦਗੀ ਕਿਨਾਰੇ ਖਿਲਰਿਆ
ਮਰਨ ਤੋਂ ਪਹਿਲਾਂ
ਆਪਣਾ ਤਿੜਕਿਆ ਚਿਹਰਾ
ਹੈ ਮਨੁੱਖ ਸੀਅ ਰਿਹਾ
ਬਿਖ਼ਰੇ ਅੰਗਾਂ ਤੇ ਨਕਸ਼ਾਂ ਨੂੰ
ਇਕੱਠੇ ਕਰ ਰਿਹਾ
ਸਾਲਮ ਸਬੂਤਾ ਜਨਮਿਆਂ ਸੀ
ਸਾਲਮ ਸਬੂਤਾ ਆਪਣਾ ਆਪਾ
ਹੈ ਆਪਣੀ ਕਬਰ ਦੇ ਵਿਚ ਧਰ ਰਿਹਾ
ਕਿ ਹੁਣ ਜਦੋਂ ਜਨਮੇਂ
ਜ਼ਿੰਦਗੀ ਦੇ ਦਰਪਣ ਚੋਂ
ਆਪਣਾ ਚਿਹਰਾ ਪਹਿਚਾਣ ਸਕੇ
ਆਪਣਾ ਸੱਚ ਸਿਆਣ ਸਕੇ

------

## ਉਹ ਕੌਣ ਸੀ

ਉਹ
ਉਹ ਸ਼ੀ
ਜੋ ਬਿਨਾ ਅਤੀਤ ਹੋਏ
ਬੀਤ ਗਿਆ
ਜਿਸਦਾ ਵਰਤਮਾਨ ਵੀ
ਸੱਚ ਰਿਹਾ
ਜਿਸਦਾ ਭਵਿੱਖ ਵੀ
ਸੱਚ ਰਿਹਾ

–0–

ਉਹ ਸਮਾਂ ਨਹੀਂ ਸੀ
ਮ਼ਨੁੱਖ ਸੀ
ਜੋ ਸਮੇਂ ਨੂੰ ਨਹੀਂ
ਆਪਣੇ ਆਪ ਨੂੰ ਜਿਉਂਦਾ ਰਿਹਾ

–0–

ਉਹ ਜਨਮ ਵੀ ਹੋਇਆ
ਤੇ ਕਬਰ ਵੀ ਹੋਇਆ
ਉਹ ਜਨਮਿਆਂ ਵੀ
ਅਜਨਮਿਆਂ ਹੀ ਰਿਹਾ
ਉਹ ਕਬਰ 'ਚ ਰੁਕਿਆ ਨਹੀਂ
ਸਫ਼ਰ ਸੀ
ਸਫ਼ਰ ਦਾ ਸਫ਼ਰ ਹੀ ਰਿਹਾ

–0–

ਉਹ ਸੰਕਲਪ ਸੀ
ਨਾ ਸ਼ਬਦ ਹੀ ਹੋਇਆ
ਨਾ ਅਰਥ ਹੀ ਹੋਇਆ
ਉਹ ਖਲਾਅ ਸੀ
ਨਾ ਆਸਮਾਂ ਹੀ ਹੋਇਆ
ਨਾ ਧਰਤ ਹੀ ਹੋਇਆ

-0-

ਉਹ ਮਨੁੱਖ ਸੀ
ਪਰ ਮਨੁੱਖ ਨਹੀਂ ਸੀ
ਉਸਦੀ ਦੇਹ
ਅਕਾਸ਼ ਹਵਾ ਅੱਗਣ ਜਲ
ਧਰਤ ਦੀ ਖ਼ਮੀਰ ਨਹੀਂ ਸੀ
ਉਹ ਅਕਾਸ਼ ਦਾ ਸ਼ਬਦ
ਹਵਾ ਦੀ ਗਤੀ ਅੱਗਣ ਦਾ ਤੇਜ਼
ਜਲ ਦਾ ਰਸ
ਧਰਤ ਦੀ ਸੁਗੰਧ ਦਾ ਖ਼ਾਮੀਰ ਸੀ
ਉਹ ਬਿਨਾਂ ਵਜ਼ੂਦ
ਮਸਤਕ ਦੀ ਜੋਤ ਦੀ ਤਾਸੀਰ ਸੀ
ਜ਼ਮੀਰ ਸੀ ਅਕਸੀਰ ਸੀ

-0-

ਉਹ ਜਨਮ ਮਰਨ ਤੋਂ ਰਹਿਤ ਸੀ
ਇਸ ਲਈ

ਨਾ ਸਮਾਂ ਸੀ

ਨਾ ਵਰਤਮਾਨ ਨਾ ਭਵਿੱਖ

ਨਾ ਅਤੀਤ ਸੀ

ਇਕ ਸੰਕਲਪ ਸੀ

ਜੋ ਆਪਣੇ ਸੰਕਲਪ ਦੇ ਸੱਚ

ਤੋਂ ਅਨਜਾਣ ਸੀ

ਜਿਸਦੀ ਨਾ ਕੋਈ ਹੋਂਦ ਸੀ

ਨਾ ਵਜ਼ੂਦ ਸੀ

ਨਾ ਪਹਿਚਾਣ ਸੀ

-0-

ਉਹ ਆਦਮੀ ਦੀ

ਮਿੱਟੀ ਦਾ ਬੋਧ ਸੀ

ਮਿੱਟੀ ਦੇ ਹਰ ਦੀਵੇ 'ਚ

ਉਸਦੀ ਜਗਦੀ ਜੋਤ ਸੀ

-0-

ਉਹ

ਉਹ ਸੀ

ਜੋ ਬਿਨਾ ਅਤੀਤ ਹੋਏ ਬੀਤ ਗਿਆ

ਜਿਸਦਾ ਵਰਤਮਾਨ ਵੀ

ਸੱਚ ਰਿਹਾ

ਜਿਸਦਾ ਭਵਿੱਖ ਵੀ

ਸੱਚ ਰਿਹਾ

-0-

# ਅਰਥਾਂ ਦਾ ਕਤਲ

ਅਸੀਂ ਜੋ ਮਨੁੱਖ ਹਾਂ
ਦੁਨੀਆਂ 'ਚ ਵਿਚਰਦੇ ਸ਼ਬਦ ਹਾਂ
ਅਸੀਂ
ਜਦ ਦੁਨੀਆਂ ਨੂੰ
ਆਪਣੇ ਮੁਤਾਬਕ ਤੋਰਨ ਦਾ ਯਤਨ
ਕਰਦੇ ਹਾਂ
ਤਾਂ ਦੁਨੀਆਂ ਦਾ ਅਰਥ
ਸਾਨੂੰ ਸਾਡੇ ਤੋਂ ਵਿਸ਼ਾਲ ਲੱਗਦਾ ਹੈ
ਅਸੀਂ ਜਦ
ਦੁਨੀਆਂ ਅਨੁਕੂਲ ਢਲਦੇ ਹਾਂ
ਤਾਂ ਹਰ ਅਰਥ ਨੂੰ
ਆਪਣਾ ਸ਼ਬਦ ਲਗਦੇ ਹਾਂ

-0-

ਨਾ ਸ਼ਬਦ
ਅਰਥ ਦਾ ਸੱਚ ਹਨ
ਨਾ ਅਰਥ
ਸ਼ਬਦ ਦਾ ਸੱਚ ਹਨ
ਨਾ ਅਰਥ ਸ਼ਬਦ ਦੀ ਰੂਹ ਹਨ
ਨਾ ਸ਼ਬਦ
ਅਰਥ ਦਾ ਉਤਾਰ ਹਨ
ਸ਼ਬਦ ਤਾਂ ਸਿਰਫ਼ ਸ਼ਬਦ ਹਨ
ਅਰਥ
ਸਬਦਾਂ ਦੀ ਗਰਦਨ ਤੇ ਲਟਕਦੀ
ਤਲਵਾਰ ਹਨ

-0-

ਦੁਨੀਆਂ ਦੇ ਅਰਥਾਂ
ਅਨੁਸਾਰ ਭੁਰਨਾ
ਸ਼ਬਦਾਂ ਲਈ
ਆਪਣਾ ਸੱਚ ਮਾਰਨਾ ਹੈ
ਦੁਨੀਆਂ ਦੇ ਅਰਥਾਂ ਨੂੰ
ਆਪਣੇ ਅਨੁਸਾਰ ਢਾਲਣਾ
ਸ਼ਬਦਾਂ ਦਾ ਤਿੜਕਣਾ ਹੈ
ਪੁਰਜਾ ਪੁਰਜਾ ਹੋ ਕੇ
ਆਪਣੀ ਹੀ ਨਜ਼ਰ 'ਚ ਬਿਖ਼ਰਨਾ ਹੈ

–0–

ਦੁਨੀਆਂ ਦਾ
ਕੋਈ ਵੀ ਯੁੱਧ
ਅਰਥਾਂ ਲਈ ਅਰਥਾਂ ਦਾ ਹੈ
ਫ਼ਤਹਿ ਸਕੱਸ਼ਤ ਅਰਥਾਂ ਦੀ ਹੈ
ਪਰ ਮੈਦਾਨੇ ਜੰਗ 'ਚ
ਲਾਸ਼ਾਂ ਦੇ ਅੰਬਾਰ ਸ਼ਬਦਾਂ ਦੇ ਹਨ
ਜਿਨ੍ਹਾਂ ਦਾ ਨਾ ਫ਼ਤਹਿ ਨਾਲ
ਨਾ ਸਕੱਸ਼ਤ ਨਾਲ
ਕੋਈ ਸਰੋਕਾਰ ਹੈ
ਇਹ ਸ਼ਬਦਾਂ ਦੀ ਪਰਜਾ ਹੈ
ਅਰਥਾਂ ਦਾ ਤਖ਼ਤ ਹੈ ਦਰਬਾਰ ਹੈ

–0–

ਦੁਨੀਆਂ 'ਚ
ਜਦ ਅਰਥ ਹਰਿਆਵਲ
ਤਕਸੀਮਦੇ ਹਨ

ਤਾਂ

ਉਸ ਹਰਿਆਵਲ ਦੀ ਛਾਂ
ਅਰਥਾਂ ਦੇ ਵਿਹੜੇ 'ਚ ਹੁੰਦੀ ਹੈ
ਸ਼ਬਦਾਂ ਦੇ ਵਿਹੜੇ 'ਚ
ਸਿਵਿਆਂ ਦਾ ਸੇਕ ਹੁੰਦਾ ਹੈ
ਮੁਰਦਾ ਬੋਲਾਂ ਦੀ ਚੁੱਪ ਹੁੰਦੀ ਹੈ

–0–

ਦੁਨੀਆਂ ਦੇ ਤਖ਼ਤ ਤੇ
ਜਦ ਵੀ ਬਰਾਜ਼ਮਾਨ ਹੁੰਦੇ ਹਨ
ਅਰਥ ਹੁੰਦੇ ਹਨ
ਦੇਸਾਂ ਦੀ ਰੱਖਿਆ ਲਈ
ਸਰਹੱਦਾਂ ਦੇ ਸ਼ਬਦ ਕਤਲ ਹੁੰਦੇ ਹਨ
ਮੁਲਕ ਦੇ ਝੰਡੇ ਨੂੰ
ਆਪਣੇ ਖ਼ੂਨ ਨਾਲ ਰੰਗਦੇ ਹਨ
ਪਰ ਫ਼ਤਹਿ ਦੇ ਫ਼ਾਨੂਸ
ਸ਼ਬਦਾਂ ਦੇ ਘਰਾਂ 'ਚ ਨਹੀਂ
ਅਰਥਾਂ ਦੇ ਮਹਿਲਾਂ 'ਚ ਜਗਦੇ ਹਨ

–0–

ਪਦਮ ਸ੍ਰੀ
ਸ਼ਹੀਦ ਸ਼ਬਦਾਂ ਦੇ ਗਲਾਂ 'ਚ
ਨਹੀਂ ਸੱਜਦਾ
ਏਅਰਕੰਡੀਸ਼ਨ ਕਮਰੇ 'ਚ
ਪਸੀਨਾ ਉੱਡੀਕਦੇ

ਕਿਸੇ ਅਰਥ ਦੇ ਗਲ ਦੀ
ਰੌਣਕ ਬਣਦਾ ਹੈ
ਜਿਸਦਾ ਚਾਨਣ
ਮਾਤਮੀ ਵਿਹੜੇ 'ਚ ਨਹੀਂ ਹੁੰਦਾ
ਸਗੋਂ ਸੂਰਜਾਂ ਨਾਲ ਭਰੇ
ਅੰਬਰ ਦੇ ਵਿਹੜੇ 'ਚ
ਇਜ਼ਾਫ਼ਾ ਕਰਦਾ ਹੈ

-0-

ਅਸੀਂ ਜੋ ਮਨੁੱਖ ਹਾਂ
ਦੁਨੀਆਂ 'ਚ ਵਿਚਰਦੇ ਸ਼ਬਦ ਹਾਂ
ਅਸੀਂ
ਜਦ ਦੁਨੀਆਂ ਨੂੰ
ਆਪਣੇ ਮੁਤਾਬਕ ਤੋਰਨ ਦਾ
ਜਤਨ ਕਰਦੇ ਹਾਂ
ਤਾਂ ਦੁਨੀਆਂ ਦਾ ਅਰਥ
ਸਾਨੂੰ ਸਾਡੇ ਤੋਂ ਵਿਸ਼ਾਲ ਲੱਗਦਾ ਹੈ
ਅਸੀਂ ਜਦ
ਦੁਨੀਆਂ ਅਨੁਕੂਲ ਢਲਦੇ ਹਾਂ
ਤਾਂ ਹਰ ਅਰਥ ਨੂੰ
ਆਪਣਾ ਸ਼ਬਦ ਲੱਗਦੇ ਹਾਂ

------

## ਪਹਾੜ ਤੇ ਜ਼ਰਾ

ਉਸਨੇ
ਮੈਨੂੰ ਆਖਿਆ ਸੀ
ਜੇ ਤੂੰ ਮੈਨੂੰ ਪਾਉਣਾ ਚਾਹੁੰਦਾ ਹੈ
ਤਾਂ ਦਾਇਰੇ ਤੋਂ
ਬਿੰਦੂ ਹੋ ਜਾ
ਬਿੰਦੂ ਤੋਂ ਰਾਖ਼ ਹੋ ਜਾ
ਤੂੰ ਜੋ ਕੁੱਝ ਵੀ ਹੈਂ
ਉਸ ਤੋਂ ਕੁੱਝ ਵੀ ਨਹੀਂ ਦਾ
ਪਾਸ ਹੋ ਜਾ
ਕੁੱਝ ਵੀ ਨਹੀਂ ਦਾ
ਤੈਨੂੰ ਅਹਿਸਾਸ ਨਾ ਰਹੇ
ਇਸਦਾ ਅਭਿਆਸ ਹੋ ਜਾ

-0-

ਮੈਂ
ਆਪਣੇ ਆਪ 'ਚ ਸੁੰਘੜਿਆ
ਦਾਇਰੇ ਤੋਂ ਬਿੰਦੂ
ਬਿੰਦੂ ਤੋਂ ਰਾਖ਼
ਰਾਖ਼ ਤੋਂ ਕੁੱਝ ਵੀ ਨਾ ਰਿਹਾ
ਮੈਂ
ਏਨਾ ਨੀਵਾਂ ਹੋ ਗਿਆ
ਕਿ ਮੇਰੇ 'ਚ ਕੁੱਝ ਵੀ ਚੇਤੇ
ਰੱਖਣ ਲਈ ਨਾ ਰਿਹਾ

ਮੈਂ ਪੈਰਾਂ ਦੀ ਰਾਖ਼ ਹੋ ਹਵਾ 'ਚ
ਉੱਡਦਾ ਰਿਹਾ
ਤੇ ਹਰ ਵਾਰ
ਆਪਣੇ ਮੂੰਹ ਤੇ ਹੀ ਪੈਂਦਾ ਰਿਹਾ

-0-

ਜਦ
ਮੈਂ ਕੁੱਝ ਵੀ ਨਾ ਰਿਹਾ
ਤਾਂ ਉਹ ਏਨਾ ਉੱਚਾ ਹੋ ਗਿਆ
ਮੈਂ ਉਸਨੂੰ ਪਹਿਚਾਣਨਾ ਤਾਂ ਕੀ ਸੀ
ਮੇਰੀ ਨਜ਼ਰ
ਉਸਦੇ ਪੈਰਾਂ ਤੱਕ ਵੀ ਪਹੁੰਚ ਨਾ ਸਕੀ
ਨਾ ਮੈਂ
ਉਸਨੂੰ ਮਹਿਸੂਸ ਹੀ ਕਰ ਸਕਿਆ
ਨਾ ਮੈਂ ਉਸਦਾ
ਅਕਸ ਹੀ ਫੜ ਸਕਿਆ
ਕਿਉਂਕਿ ਮੇਰੀ ਰਾਖ਼ 'ਚ
ਉਸਨੂੰ ਮਹਿਸੂਸ ਕਰਨ ਦਾ ਬਲ ਨਹੀਂ ਸੀ
ਆਪਾ ਸਿਆਣਦਾ
ਤਾਂ ਉਸਨੂੰ ਪਹਿਚਾਣਦਾ
ਮੇਰੇ 'ਚ ਤੇ ਆਪਾ ਸਿਆਣਨ ਦਾ
ਵੀ ਬਲ ਨਹੀਂ ਸੀ

-0-

ਮੈਂ
ਆਪਣੀ ਰਾਖ਼ ਚੋਂ
ਫਿਰ ਆਪਾ ਸਿਰਜਿਆ

ਆਪਣੇ ਆਪ ਨੂੰ
ਬਿੰਦੂ ਬਣਾ ਲਿਆ
ਬਿੰਦੂ ਤੋਂ ਦਾਇਰਿਆਂ ਦਾ
ਦਾਇਰਾ ਹੋ ਗਿਆ
ਮੇਰੇ ਪੈਰ ਧਰਤੀ ਤੇ ਸਨ
ਸਿਰ ਅੰਬਰ ਤੋਂ ਵੀ ਉਚੇਰਾ ਹੋ ਗਿਆ
ਮੈਂ ਰਾਖ਼ ਤੋਂ
ਏਨਾ ਵੱਡ ਅਕਾਰੀ ਹੋ ਗਿਆ
ਕਿ ਧਰਤੀ ਤੇ ਅਕਾਸ਼
ਮੇਰੇ 'ਚ ਖੋਹ ਗਿਆ
ਉੱਤਰ ਪੂਰਬ ਪੱਛਮ ਦੱਖਣ
ਮੇਰੀ ਦੇਹ 'ਚ ਸਮੋ ਗਿਆ

-0-

ਤਾਂ
ਉਹ ਆਪਣੇ ਅਕਾਰ 'ਚ
ਏਨਾ ਸੁੰਘੜਿਆ
ਕਿ ਮੈਨੂੰ ਦਿੱਸਣੋਂ ਹਟ ਗਿਆ
ਪਤਾ ਨਹੀਂ
ਕਿੱਥੇ ਆਲੋਪ ਹੋ ਗਿਆ
ਮੇਰੀ ਅੱਖ 'ਚ ਸੂਰਜ ਚੜ੍ਹੇ
ਸੂਰਜ ਡੁੱਬੇ
ਦਿਨ ਚੜ੍ਹੇ ਰਾਤਾਂ ਹੋਈਆਂ
ਪਤਾ ਨਹੀਂ ਸੀ
ਉਹ ਕਿੱਥੇ ਖੋਹ ਗਿਆ

-0-

ਉਸਨੇ
ਆਪਣੀ ਦੇਹ ਚੋਂ
ਅਕਾਸ਼ ਹਵਾ ਅੱਗਣ ਜਲ
ਧਰਤ ਨਿਚੋੜ ਦਿੱਤੇ
ਆਪਣੀ ਹੋਂਦ ਮਿਟਾ ਦਿੱਤੀ
ਜਦ ਹੋਂਦ ਹੀ ਨਾ ਰਹੀ
ਤਾਂ ਵਜ਼ੂਦ ਕੀ ਰਹਿਣਾ ਸੀ
ਜਦ ਵਜ਼ੂਦ ਹੀ ਨਾ ਰਿਹਾ
ਤਾਂ ਪਹਿਚਾਣ ਕੀ ਰਹਿਣੀ ਸੀ
ਮੈਨੂੰ ਉਸਦੀ ਝਲਕ ਕੀ ਪੈਣੀ ਸੀ

-0-

ਇਕ ਦਿਨ
ਉਹ ਮੈਨੂੰ ਆਪਣੀ ਇਕੱਲਤਾ 'ਚ
ਚੁੱਪ ਬੈਠਾ ਮਿਲਿਆ
ਮੈਂ ਉਸਨੂੰ ਪੁੱਛਿਆ
ਮੈਂ ਪਹਾੜ ਤੋਂ ਜ਼ਰਾ ਵੀ ਹੋਇਆ
ਜ਼ਰੇ ਤੋਂ ਕੁੱਝ ਵੀ ਨਾ ਰਿਹਾ
ਕੁੱਝ ਵੀ ਨਾ ਤੋਂ ਜ਼ਰਾ
ਜ਼ਰੇ ਤੋਂ ਫਿਰ ਪਹਾੜ ਵੀ ਹੋਇਆ
ਪਰ ਤੂੰ
ਨਾ ਜ਼ਰੇ ਨੂੰ ਮਿਲਿਆ
ਨਾ ਪਹਾੜ ਨੂੰ ਮਿਲਿਆ

-0-

ਉਹ ਬੋਲਿਆ
ਤੂੰ ਪਹਾੜ ਤੋਂ ਜ਼ਰਾ
ਜ਼ਰੇ ਤੋਂ ਪਹਾੜ
ਸਿਰਫ਼ ਆਪਣੀਆਂ ਨਜ਼ਰਾਂ 'ਚ
ਹੋਇਆ ਹੈਂ
ਮੇਰੀਆਂ ਨਜ਼ਰਾਂ 'ਚ ਨਹੀਂ ਹੋਇਆ
ਜਿਸ ਤੇ ਮੇਰੀ ਨਦਿਰ ਨਿਹਾਲ ਨਹੀਂ
ਉਹ ਮੈਨੂੰ ਪਾ ਨਹੀਂ ਸਕਦਾ
ਉਹ ਮੇਰੇ 'ਚ ਸਮਾ ਨਹੀਂ ਸਕਦਾ

------

## ਸ਼ਨਾਖ਼ਤ ਦੀ ਤਲਾਸ਼

ਉਹ
ਮੇਰੇ ਸਾਹਾਂ 'ਚ ਘੁਲੀ ਹੈ
ਮੇਰੇ ਲਹੂ 'ਚ ਤੁਰੀ ਹੈ
ਮੇਰੇ ਚਿਹਰੇ ਚੋਂ ਨਜ਼ਰ ਆਉਂਦੀ ਹੈ
ਮੇਰੀ ਤਾਸੀਰ ਮੇਰੀ ਜ਼ਾਮੀਰ
ਮੇਰੀ ਅਕਸੀਰ ਦਾ ਵਜ਼ੂਦ ਹੈ
ਉਹ ਮੇਰੀ
ਦੇਹ ਦੀ ਨਸ ਨਸ 'ਚ
ਮੌਜ਼ੂਦ ਹੈ
ਪਰ ਨਾ ਉਸਨੂੰ
ਮੇਰੀ ਸਿਆਣ ਹੈ
ਨਾ ਮੈਨੂੰ ਉਸਦੀ ਪਹਿਚਾਣ ਹੈ

-0-

ਉਹ ਆਖ਼ਦੀ ਹੈ
ਮੇਰਾ ਸੱਚ ਤੇਰਾ ਵਜ਼ੂਦ ਨਹੀਂ
ਮੈਂ ਤੇਰੇ 'ਚ ਮੌਜ਼ੂਦ ਨਹੀਂ
ਮੈਂ ਤੇਰੀ ਕੁੱਝ ਵੀ ਨਹੀਂ ਲੱਗਦੀ
ਮੈਂ ਤੇਰੇ ਲਹੂ 'ਚ
ਤੇਰੇ ਮਸਤਕ 'ਚ ਨਹੀਂ ਜਗਦੀ
ਤੂੰ ਮੈਨੂੰ
ਪਹਿਚਾਣ ਕੇ ਵੀ ਕੀ ਕਰੇਂਗਾ
ਮੇਰਾ ਸੱਚ
ਆਪਣੀ ਤਲੀ ਤੇ ਕਿਉਂ ਧਰੇਂਗਾ

-0-

ਉਹ ਮੇਰੇ ਬੋਲਾਂ ਦੀ ਅਵਾਜ਼ ਹੈ
ਮੇਰੀ ਦੇਹ ਦਾ ਸਾਜ਼ ਹੈ
ਮੇਰੀ ਰੂਹ ਦੀ ਸੁਰ ਹੈ
ਮੇਰੇ ਦਿਲ ਦੀ ਧੜਕਣ ਹੈ
ਮੇਰੇ ਸਾਹਾਂ 'ਚ ਪੂਰ ਹੈ
ਮੇਰਾ ਸੱਚ ਹੈ
ਮੇਰੀ ਮਿੱਟੀ ਦੀ ਮਹਿਕ ਹੈ
ਮੇਰੇ ਅੰਬਰ ਦਾ ਰੰਗ ਹੈ
ਮੇਰੇ ਪ੍ਰਾਣਾਂ ਦੀ ਗਤੀ ਹੈ
ਮੇਰੀ ਦੇਹ ਦੀ ਅੱਗਣ ਦਾ ਤੇਜ਼ ਹੈ
ਮੇਰੇ ਜਲ ਦਾ ਰੱਸ ਹੈ
ਮੇਰੀ ਰੂਹ ਮੇਰਾ ਕਲਬੂਤ ਹੈ
ਮੇਰ਼ਾ ਰੰਗ ਰੂਪ ਮੇਰਾ ਵੇਸ ਹੈ

-0-

ਉਹ ਮੇਰੇ 'ਚ ਵਸਦੀ ਵੀ
ਮੇਰੇ਼ ਤੋਂ ਪਰਾਈ ਹੈ
ਮੇਰੇ 'ਚ ਰਹਿ ਰਹੀ ਹੈ
ਮੇਰੇ ਜ਼ਨਮ ਤੋਂ ਪਹਿਲਾਂ
ਪਰ ਮੇਰੀ ਸਿਆਣ 'ਚ ਨਾ
ਆਈ ਹੈ
ਮੇਰੀ ਪਹਿਚਾਣ 'ਚ ਨਾ ਆਈ ਹੈ
ਨਾ ਮੈਂ ਉਸਨੂੰ ਵੇਖਿਆ ਹੈ
ਨਾ ਉਸਨੇ ਮੈਨੂੰ
ਆਪਣੀ ਸੂਰਤ ਵਿਖਾਈ ਹੈ

-0-

ਉਸਨੂੰ
ਆਪਣਾ ਸਾਬਤ ਕਰਨ ਲਈ
ਮੈਂ ਆਪਣੇ ਆਪ ਚੋਂ
ਤੁੱਪਕਾ ਤੁੱਪਕਾ ਹੋ ਨੁਚੜ ਗਿਆ ਹਾਂ
ਕਤਰਾ ਕਤਰਾ ਹੋ ਸੁੰਗੜ ਗਿਆ ਹਾਂ
ਆਪਣੇ ਆਪ 'ਚ
ਏਨਾ ਖੁੱਲ੍ਹ ਗਿਆ ਹਾਂ
ਕਿ ਆਪਣੀ ਦੇਹ ਦੀ ਗੱਠੜੀ ਨੂੰ ਵੀ
ਭੁੱਲ ਗਿਆ ਹਾਂ

-0-

ਉਸਦੀ ਭਾਲ 'ਚ
ਘਰੋਂ ਬੇਘਰ ਹੋਇਆ ਹਾਂ
ਦਰ ਦਰ ਭੌਂਇਆ ਹਾਂ
ਉਸਦੀ ਭਾਲ 'ਚ
ਮੇਰਾ ਚਿਹਰਾ ਤਿੜਕ ਗਿਆ ਹੈ
ਮੇਰਾ ਅੰਗ ਅੰਗ
ਨਕਸ਼ ਨਕਸ਼ ਬਿਖ਼ਰ ਗਿਆ ਹੈ
ਮੈਂ ਆਪਣਾ ਅੰਗ ਅੰਗ
ਨਕਸ਼ ਨਕਸ਼ ਇਕੱਠਾ ਕਰਨਾ
ਚਾਹੁੰਦਾ ਹਾਂ
ਆਪਣੇ ਸਾਲਮ ਚਿਹਰੇ ਦਾ ਸੱਚ
ਹੰਢਾਉਣਾ ਚਾਹੁੰਦਾ ਹਾਂ
ਇਹ ਸੱਚ ਜੋ ਮੇਰੀ ਸ਼ਨਾਖ਼ਤ ਹੈ
ਮੇਰੀ ਇਬਾਦਤ ਹੈ

ਇਸ ਦੀ ਤਲਾਸ਼ 'ਚ ਮੈਂ
ਕਈ ਵਾਰ ਘਰੋਂ ਨਿਕਲਿਆਂ ਹਾਂ
ਪਰ ਹਰ ਵਾਰ ਹੀ
ਖ਼ਾਲੀ ਪਰਤਿਆ ਹਾਂ

-0-

ਇਸਦੀ ਤਲਾਸ਼ 'ਚ
ਮੈਂ ਆਪਾ ਗੁਆ ਲਿਆ ਹੈ
ਇਸਦੀ ਤਲਾਸ਼ 'ਚ
ਕਬਰਾਂ ਦੇ ਦਰ ਤੇ ਆ ਗਿਆ ਹਾਂ
ਅਜੇ ਤੱਕ ਵੀ
ਮੇਰੀ ਤਲਾਸ਼ ਨਹੀਂ ਮੁਕੀ
ਮੇਰੀ ਸ਼ਨਾਖ਼ਤ
ਮੇਰੇ ਨੈਣਾਂ ਦੇ ਦਰ ਨਹੀਂ ਢੁੱਕੀ
ਮੈਨੂੰ
ਇਸ ਸ਼ਨਾਖ਼ਤ ਦੀ ਮਰ ਕੇ ਵੀ
ਆਸ ਹੈ
ਮੇਰੀ ਕਬਰ ਦੀ ਮਿੱਟੀ ਨੂੰ ਵੀ
ਇਸ ਸੱਚ ਦੀ ਤਲਾਸ਼ ਹੈ

------

# ਭਰੂਣ ਹੱਤਿਆ

ਉਹ ਚੁੱਪ
ਇਕੱਲ 'ਚ ਬੈਠੀ
ਸੁੰਨ ਕੱਛੂਏ ਵਾਂਗ
ਆਪਣੀਆਂ ਸਾਰੀਆਂ
ਸਰੀਰਕ ਇੰਦਰੀਆਂ ਦੇ
ਦੁਆਰ ਬੰਦ ਕਰ
ਆਪਣੀ ਚੁੱਪ 'ਚ ਗ਼ਮਾਂ ਦੇ
ਸਾਗਰ 'ਚ ਉਤਰੀ
ਆਪਣੇ ਗ਼ਮ ਨੂੰ
ਆਪਣੇ ਚੋਂ ਨਿਚੋੜ ਕੇ ਵੇਖ ਰਹੀ ਸੀ

-0-

ਉਸਦੇ
ਸਿਰ ਤੇ ਅਕਾਸ਼ ਗਰਜਿਆ
ਪੈਰਾਂ ਦੀ ਧਰਤੀ ਕੰਬੀ
ਉਸਨੂੰ ਹਵਾ ਨੇ ਝੰਜੋੜਿਆ
ਉਸਨੂੰ ਅੱਗਣ ਨੇ ਡਰਾਇਆ
ਉਸਨੂੰ ਜਲ ਨੇ ਛੇੜਿਆ
ਪਰ ਉਹ ਕੁੱਝ ਨਾ ਬੋਲੀ
ਚੁੱਪ ਚਾਪ
ਸਿਰਫ਼ ਵੇਖਦੀ ਰਹੀ
ਸਿਰਫ਼ ਵੇਖਦੀ ਰਹੀ

-0-

ਉਸਦੇ ਸਾਹਮਣੇ
ਇਕ ਬੱਚੇ ਨੂੰ ਹਵਾ 'ਚ
ਉਛਾਲ ਕੇ
ਨੇਜ਼ੇ ਦੀ ਨੋਕ ਤੇ ਉਤਾਰਿਆ ਗਿਆ
ਜਿਉਂਦੀ ਮੌਤ ਨੂੰ
ਨਾੜੂ ਕੱਟੇ ਮਾਸ ਦੇ ਲੋਥੜੇ ਚੋਂ
ਗੁਜ਼ਾਰਿਆ ਗਿਆ
ਪਰ ਉਹ ਕੁਝ ਨਾ ਬੋਲੀ
ਚੁੱਪ ਚਾਪ
ਸਿਰਫ਼ ਵੇਖਦੀ ਰਹੀ
ਸਿਰਫ਼ ਵੇਖਦੀ ਰਹੀ

–0–

ਉਸਦੇ ਸਾਹਮਣੇ
ਇਕ ਤਸਵੀਰਾਂ ਵਾਹੁੰਦੀ ਕੁੜੀ ਨੂੰ
ਦੀਵਾਰਾਂ 'ਚ ਚਿਣਿਆ ਗਿਆ
ਕਿਉਂਕਿ
ਉਸਨੇ ਰੰਗਾਂ ਚੋਂ ਰੰਗਾਂ ਨੂੰ
ਰੰਗਾਂ ਦਾ ਸੱਚ ਵਿਖਾਇਆ ਸੀ
ਇਕ ਤਖ਼ਤ ਤੇ ਰੱਬ ਬਣੇ ਰੰਗ ਨੂੰ
ਰੱਬ ਦਾ ਰੰਗ ਵਿਖਾਇਆ ਸੀ
ਪਰ
ਉਹ ਕੁੱਝ ਨਾ ਬੋਲੀ
ਚੁੱਪ ਚਾਪ
ਸਿਰਫ਼ ਵੇਖਦੀ ਰਹੀ
ਸਿਰਫ਼ ਵੇਖਦੀ ਰਹੀ

–0–

ਉਸਦੇ ਸਾਹਮਣੇ
ਇਕ ਕਾਂ ਨੇ
ਜਦ ਆਲ੍ਹਣੇ 'ਚ ਪਏ
ਆਂਡਿਆਂ ਦੀ ਜ਼ਰਦੀ ਪੀਤੀ
ਤਾਂ
ਉਹ ਚੀਕ ਉੱਠੀ
ਉਸਦੇ ਕੰਠ ਨੇ ਪੁਕਾਰਿਆ
ਇਹ ਕੌਣ ਹੈ
ਜਿਸਨੇ ਉਸਨੂੰ
ਆਪਣੀ ਕੁੱਖ ਦੇ ਗ਼ਮ ਚੋਂ ਗੁਜ਼ਾਰਿਆ
ਉਹ ਜਨਮ ਤੋਂ ਪਹਿਲਾਂ
ਆਪਣੀ ਕੁੱਖ ਦਾ ਗ਼ਮ
ਹੰਢਾ ਰਹੀ ਸੀ
ਉਹ ਆਪਣੀ ਕੁੱਖ 'ਚ ਕਤਲ ਹੋਏ ਨੂਰ ਦਾ
ਮਾਤਮ ਮਨਾ ਰਹੀ ਸੀ

----

## ਜ਼ਿੰਦਗੀ ਦੀ ਦੌੜ

ਆਪਣੀ ਚੁੱਪ 'ਚ
ਉਹ ਦੁਨੀਆਂ ਦੇ ਸ਼ੋਰ ਸ਼ਰਾਬੇ
ਰੌਲੇ ਰੱਪੇ ਤੋਂ ਮੁਕਤ ਸੀ
ਆਪਣੀ ਅਭੀ-ਵਿਅਕਤੀ
ਦੇ ਸੱਚ ਝੂਠ ਤੋਂ ਆਜ਼ਾਦ ਸੀ
ਆਪਣੀ ਚੁੱਪ 'ਚ ਅਬਾਦ ਸੀ

-0-

ਉਸ ਚੋਂ ਸਰੀਰਕ ਮਾਨਸਿਕ
ਸੰਕ੍ਰਨਤ ਝਰਨੇ
ਫੁੱਟ ਰਹੇ ਸਨ
ਉਸਦੀ ਊਰਜਾ
ਉਸਦੀ ਸਰੀਰਕ ਪ੍ਰਣਾਲੀ
ਉਸਦੀਆਂ
ਅੰਦਰਮੁੱਖੀ ਤੇ ਬਾਹਰਮੁੱਖੀ
ਪ੍ਰਵਿਰਤੀਆਂ
ਆਪਣੇ ਵਿਚਰਨ ਧਰਾਤਲ ਦੇ
ਠਹਿਰਾਓ 'ਚ ਸੰਤੁਸ਼ਟ ਸਨ
ਉਹ ਚੁੱਪ ਦੁਆਲੇ ਉਜੜੇ
ਚੁੱਪ 'ਚ ਉਤਰਿਆ
ਸ਼ਾਂਤ ਵਗਦਾ ਦਰਿਆ ਸੀ
ਬੇਮੁਥਾਜ਼ ਹਵਾ ਸੀ

-0-

ਉਹ ਆਪਣੀ ਇਕੱਲਤਾ 'ਚ
ਆਪਣੇ ਅੰਦਰ ਤੇ ਦੁਆਲੇ
ਵਿਚਰਦੇ ਚਿਹਰਿਆਂ ਤੋਂ
ਨਿਰਲੇਪ ਸੀ
ਆਪਣੀ ਇਕੱਲਤਾ 'ਚ ਬੈਠਾ
ਆਪਣੀ
ਇਕੱਲਤਾ ਹੰਢਾ ਰਿਹਾ ਸੀ
ਆਪਣੇ ਆਪਨੂੰ
ਹਰ ਮੁਥਾਜ਼ੀ ਤੇ ਮਜ਼ਬੂਰੀ ਤੋਂ
ਸੁਤੰਤਰ ਪਾ ਰਿਹਾ ਸੀ

-0-

ਉਸਦੇ ਪੈਰਾਂ 'ਚ
ਕੋਈ ਸਫ਼ਰ ਨਹੀਂ ਸੀ
ਨਜ਼ਰ 'ਚ
ਕੋਈ ਦਿੱਸਹੱਦਾ ਨਹੀਂ ਸੀ
ਮਨ 'ਚ ਕੋਈ ਖ਼ਾਹਿਸ਼ ਨਹੀਂ ਸੀ
ਜ਼ਿਹਨ 'ਚ ਕੋਈ
ਉਲਥ ਪੁਲਥ ਨਹੀਂ ਸੀ

-0-

ਸਰੀਰਕ ਕਾਰਜ ਪ੍ਰਣਾਲੀ ਲਈ
ਉਹ ਸਿਰਫ਼ ਪੌਣਾਹਾਰੀ ਸੀ
ਅਜ਼ਾਦ ਪੰਛੀ ਦੀ ਤਰ੍ਹਾਂ
ਆਪਣੀ ਇਕੱਲਤਾ ਦੇ ਬ੍ਰਹਿਮੰਡ
ਗਾਹ ਰਿਹਾ ਸੀ

ਜਿੱਥੇ ਨਾ ਕੋਈ
ਉਸਨੂੰ ਵੇਖਣ ਵਾਲਾ ਸੀ
ਨਾ ਕੋਈ ਸੁਣਨ ਵਾਲਾ ਸੀ
ਨਾ ਜ਼ਿੰਦਗੀ ਦੀ ਕੋਈ ਦੌੜ ਸੀ
ਨਾ ਅਕਾਸ਼ ਨਾ ਧਰਤ ਨਾ ਅੱਗ
ਨਾ ਜਲ ਸੀ
ਨਾ ਆਪ ਸੀ
ਜੋ ਸੀ ਤਾਂ
ਉਸਦੀ ਇਕੱਲਤਾ ਸੀ
ਉਸਦੇ ਪ੍ਰਾਣ ਸੀ

-0-

ਰੌਣਕਾਂ 'ਚ
ਉਸਦਾ ਸਰੀਰ
ਹਰ ਕੀੜੇ ਦੇ ਮੂੰਹ 'ਚ ਸੀ
ਉਸਦਾ ਚਿਹਰਾ ਤਿੜਕਿਆ
ਅੰਗ ਤੇ ਨਕਸ਼ ਖਿਲਰੇ ਸਨ
ਜਿਨ੍ਹਾਂ ਨੂੰ
ਇਕੱਠੇ ਕਰਨ ਦੇ ਯਤਨ 'ਚ
ਉਹ ਆਪਣੇ ਹਿੱਸੇ ਦਾ
ਆਸਮਾਂ ਤੇ ਧਰਤੀ ਗਾਹ ਚੁੱਕਾ ਸੀ
ਆਪਣੇ ਹਿੱਸੇ ਦੀ ਅੱਗਣ ਦਾ ਨਿੱਘ
ਮੁੱਕਾ ਚੁੱਕਾ ਸੀ
ਆਪਣੀ ਪਿਆਸ ਦਾ ਜਲ
ਪੀ ਚੁੱਕਾ ਸੀ

ਤੇ
ਮੋਏ ਕੁੱਤੇ ਦੀ ਲਾਸ਼ ਵਾਂਗ
ਇਕ ਚੌਰਾਹੇ 'ਚ ਪਿਆ ਸੀ

-0-

ਜਿਸਤੋਂ ਟਰੱਕ ਤੇ ਕਾਰਾਂ
ਤੇਜ਼ ਰਫ਼ਤਾਰ ਨਾਲ ਲੰਘ ਰਹੀਆਂ ਸਨ
ਤੇ ਉਸਦੇ ਚੀਥੜੇ
ਆਪਣੀ ਗਤੀ ਨਾਲ ਬਹਾਈ
ਲਿਜਾ ਰਹੀਆਂ ਸਨ
ਸੜਕ ਕਿਨਾਰੇ ਬੈਠੀ
ਜ਼ਿੰਦਗੀ ਦੀ ਦੌੜ
ਉਸਦੀ ਲਾਸ਼ ਤੇ ਕੀਰਨੇ
ਪਾ ਰਹੀ ਸੀ
ਹਾਏ ਹਾਏ ਸ਼ੇਰਾ
ਤੇਰੇ ਬਾਝੋਂ ਕੌਣ ਹੈ ਮੇਰਾ
ਇਹ ਕੀ ਜ਼ੁਲਮ ਕਰ ਗਿਆ ਹੈਂ
ਮੈਨੂੰ ਮਿਲਣੋਂ ਪਹਿਲਾਂ ਹੀ ਮਰ ਗਿਆ ਹੈਂ

-----

## ਪੁੱਠੇ ਪੈਰਾਂ ਦਾ ਸਫ਼ਰ

ਇਹ ਫ਼ਾਸਲਾ
ਮੇਰੇ ਤੇ ਦਿਸਹੱਦੇ ਵਿਚਕਾਰ ਹੈ
ਜੋ ਨਜ਼ਰ ਨਾਲ ਭਰਦਾ ਨਹੀਂ
ਜਿਉਂ ਜਿਉਂ ਨਜ਼ਰ
ਦਿਸਹੱਦੇ ਦੇ ਕੋਲ ਜਾਂਦੀ ਹੈ
ਦਿਸਹੱਦੇ ਨੂੰ ਆਪਣੇ ਆਪ ਤੋਂ
ਹੋਰ ਦੂਰ ਹੁੰਦਾ ਪਾਉਂਦੀ ਹੈ

–0–

ਜਦ ਨਜ਼ਰ ਦਿਸਹੱਦੇ ਵੱਲ
ਦਿਸਹੱਦਾ ਨਜ਼ਰ ਵੱਲ
ਪੁੱਠੇ ਪੈਰੀਂ ਤੁਰਦੇ ਹਨ
ਤਾਂ ਇਕ ਦੂਜੇ ਨੂੰ
ਮਿਲਦੇ ਲੱਗਦੇ ਹਨ
ਇਹ ਮਿਲਣ
ਚਾਹੇ ਦਿੱਸਦਾ ਨਹੀਂ
ਪਰ ਇਸ ਮਿਲਣ 'ਚ
ਦਿਸਹੱਦੇ ਤੋਂ ਨਜ਼ਰ
ਨਜ਼ਰ ਤੋਂ ਦਿਸਹੱਦਾ
ਵਿਛੜਿਆ ਲੱਗਦਾ ਨਹੀਂ
ਤੁਸੀਂ ਦਿਸਹੱਦੇ ਵੱਲ ਪਿੱਠ ਕਰਕੇ
ਇਹ ਮਹਿਸੂਸ ਕਰ ਸਕਦੇ ਹੋ

ਅੱਖਾਂ ਮੀਚ ਕੇ ਤੱਕੋਗੇ
ਤਾਂ ਜਾਣੋਗੇ
ਤੁਸੀਂ ਬਿਨ ਪੈਰ ਧਰਤੀ ਕੱਛ ਸਕਦੇ ਹੋ
ਪਰ ਹੀਣ ਹੋ ਕੇ ਵੀ
ਅੰਬਰੀਂ ਪ੍ਰਵਾਜ਼ ਭਰ ਸਕਦੇ ਹੋ

–0–

ਇਹ ਫ਼ਾਸਲਾ
ਉਹਦੇ ਤੇ ਮੇਰੇ ਵਿਚਕਾਰ ਹੈ
ਉਹ ਆਸਤਕ ਹੈ
ਮੈਂ ਨਾਸਤਕ ਹਾਂ
ਨਾ ਉਹ ਮੇਰੇ ਵੱਲ ਆਉਂਦਾ ਹੈ
ਨਾ ਮੈਂ ਉਹਦੇ ਵੱਲ ਜਾਂਦਾ ਹਾਂ

–0–

ਜੇ ਉਹ ਮੇਰੇ ਵੱਲ
ਮੈਂ ਉਹਦੇ ਵੱਲ
ਪੁੱਠੇ ਪੈਰੀਂ ਤੁਰਾਂਗਾ
ਤਾਂ ਇਕ ਦੂਜੇ ਨੂੰ ਮਿਲਾਂਗੇ
ਪੁੱਠੇ ਪੈਰੀਂ ਤੁਰਿਆਂ
ਨਾ ਉਸਦੀ ਮੈਨੂੰ ਪਹਿਚਾਣ ਰਹੇਗੀ
ਨਾ ਮੇਰੀ
ਉਸਨੂੰ ਸਿਆਣ ਰਹੇਗੀ
ਨਾ ਉਹ ਮੈਨੂੰ ਆਸਤਕ ਨਜ਼ਰ
ਆਏਗਾ

ਨਾ ਮੈਂ ਉਸਨੂੰ
ਨਾਸਤਕ ਨਜ਼ਰ ਆਵਾਂਗਾ
ਉਹਦਾ ਤੇ ਮੇਰਾ ਫ਼ਾਸਲਾ
ਮਿਟ ਜਾਵੇਗਾ
ਉਹਦਾ ਤੇ ਮੇਰਾ ਵਜ਼ੂਦ
ਇਕ ਹੋ ਜਾਵੇਗਾ

–0–

ਜ਼ਿੰਦਗੀ 'ਚ
ਕੁੱਝ ਫ਼ਾਸਲੇ ਹਨ
ਜੋ ਸਿੱਧੇ ਪੈਰੀਂ ਤੁਰਿਆਂ ਵੱਧਦੇ ਹਨ
ਪੁੱਠੇ ਪੈਰੀਂ ਤੁਰਿਆਂ ਘਟਦੇ ਹਨ
ਦਿਸਹੱਦੇ ਨਜ਼ਰਾਂ ਨੂੰ
ਮਿਲਦੇ ਹਨ
ਆਸਤਕ ਨਾਸਤਕ ਨੂੰ ਮਿਲਦੇ ਹਨ
ਮਨਫ਼ੀ ਜਮ੍ਹਾਂ ਮਨਫ਼ੀ ਜਮ੍ਹਾਂ ਹੁੰਦੇ ਹਨ
ਪਰਾਣੇ ਤਿੜਕਦੇ
ਪੁੰਗਰਦੇ ਨਵੇਂ ਹੁੰਦੇ ਹਨ

–––––

## ਸੁਫ਼ਨਾ

ਉਸ ਸੁਫ਼ਨੇ 'ਚ
ਅੰਬਰ ਤੇ ਉੱਡਦਾ ਰਿਹਾ
ਪੱਥਰਾਂ ਤੇ ਬੈਠਾ ਸਾਗਰ
ਤਰਦਾ ਰਿਹਾ
ਪਹਾੜ ਦੇ ਕਲਬੂਤ 'ਚ ਉੱਤਰ
ਪਹਾੜ ਦਾ ਅੰਦਰ ਜਿਉਂਦਾ ਰਿਹਾ
ਪਹਾੜ ਦੀ ਚੋਟੀ ਤੇ ਖਲੋ
ਸੰਸਾਰ ਨੂੰ ਤੱਕਦਾ ਰਿਹਾ
ਸੁਫ਼ਨੇ 'ਚ ਉਹ ਪੰਛੀ ਵੀ ਸੀ
ਸ਼ੇਰ ਵੀ ਮੋਰ ਵੀ ਤੋਤਾ ਵੀ ਖ਼ਰਗੋਸ਼ ਵੀ
ਬੀਜ ਵੀ ਰੁੱਖ ਵੀ ਜੰਗਲ ਵੀ

-0-

ਉਸ ਸੁਫ਼ਨੇ 'ਚ
ਇਕ ਪਰੀ ਤੱਕੀ
ਪਰੀ ਉਸਦੇ ਅੱਗੇ ਅੱਗੇ
ਉਹ ਪਰੀ ਦੇ ਪਿੱਛੇ ਪਿੱਛੇ ਨੱਸਦਾ ਰਿਹਾ
ਸੁਫ਼ਨੇ 'ਚ
ਉਹ ਤੇ ਪਰੀ ਤੋਂ ਬਿਨਾਂ
ਹੋਰ ਕੋਈ ਨਹੀਂ ਸੀ
ਪਰ ਉਹ ਹੈਰਾਨ ਸੀ
ਉਹ ਕੌਣ ਸੀ
ਜੋ ਉਸਨੂੰ ਵੀ ਤੇ ਪਰੀ ਨੂੰ ਵੀ
ਨੱਸਦਾ ਵੇਖਦਾ ਸੀ .

-0-

ਉਹ ਸੁਫ਼ਨੇ 'ਚ
ਜਦ ਜਨਮਿਆਂ
ਮਾਂ ਦੇ ਗਰਭ ਤੋਂ ਬਾਹਰ
ਆਇਆ
ਸੁਫ਼ਨੇ 'ਚ
ਜੋ ਪਰੀ ਤੇ ਉਸਨੂੰ ਵੇਖਦਾ ਸੀ
ਉਸਦੇ ਵਿਛੋੜੇ 'ਚ
ਉਸਦੀ ਚੀਕ ਨਿਕਲ ਗਈ
ਉਸਦੀ ਅੱਖ ਖੁੱਲ੍ਹੀ
ਉਸਦਾ ਸੁਫ਼ਨਾ ਟੁੱਟ ਗਿਆ
ਸੁਫ਼ਨੇ ਦੇ ਟੁੱਟਣ ਨਾਲ
ਉਹ ਜਿਉਂਦਾ ਹੀ ਮਰ ਗਿਆ
ਸੁਫ਼ਨੇ ਦੀ ਜ਼ਿੰਦਗੀ ਜਿੱਤੀ
ਉਹ ਉਮਰ ਹੰਢਾ ਗਿਆ
ਸੁਫ਼ਨੇ ਦਾ ਆਪਣੇ ਆਪ ਦਾ
ਪਰੀ ਦਾ
ਤੇ ਤੀਸਰਾ ਜੋ ਜੀਵਨ 'ਚ ਲੱਭਦਾ ਨਹੀਂ
ਉਸਦਾ ਸੱਚ ਪਾ ਗਿਆ

------

## ਜਿਨ੍ਹਾਂ ਜੀਅ ਲਿਆ

ਧਰਤੀ ਅੰਬਰ ਹਵਾ
ਅੱਗਣ ਜਲ ਨੇ ਸੋਚਿਆ
ਜਿਨ੍ਹਾਂ ਜੀਅ ਲਿਆ
ਓਨਾ ਹੀ ਜੀਵਨ ਹੈ
ਜਨਮ ਤੋਂ ਮਰਨ ਤੱਕ
ਦਾ ਸਫ਼ਰ ਜੀਵਨ ਹੈ

-0-

ਜੀਵਨ ਨੇ ਸੋਚਿਆ
ਜਨਮ ਤੋਂ ਮਰਨ ਤੱਕ
ਮਰਨ ਤੋਂ ਜਨਮ ਤੱਕ
ਜੀਵਨ ਹੈ


-0-

ਮਨੁੱਖ
ਵਿਚਲੇ ਸੱਚ ਨੇ ਸੋਚਿਆ
ਜਨਮ ਤੋਂ ਪਹਿਲਾਂ
ਵੀ ਜੀਵਨ ਹੈ
ਮਰਨ ਤੋਂ ਪਿੱਛੋਂ ਵੀ
ਜੀਵਨ ਹੈ
ਜੀਵਨ ਹੀ ਸੱਚ ਹੈ
ਚਾਹੇ ਮੌਤ ਤੋਂ ਪਹਿਲਾਂ ਦਾ ਹੈ
ਚਾਹੇ ਮੌਤ ਤੋਂ ਪਿੱਛੋਂ ਦਾ ਹੈ

-0-

ਜ਼ੀਵਨ
ਨਾ ਦੇਹ ਦਾ ਮੁਥਾਜ਼ ਹੈ
ਨਾ ਪ੍ਰਾਣਾਂ ਦਾ ਮੁਥਾਜ਼ ਹੈ
ਜੀਵਨ ਸੁਤੰਤਰ ਹੈ
ਹਰ ਮੁਥਾਜ਼ੀ ਤੋਂ ਆਜ਼ਾਦ ਹੈ
ਜੀਵਨ ਸਦਾ ਆਬਾਦ ਸੀ
ਸਦਾ ਆਬਾਦ ਰਹੇਗਾ
ਸਦਾ ਆਬਾਦ ਹੈ

------



ਕਦੀ ਤੇਰੀ ਕੰਡ
ਮੇਰੀ ਕੰਡ ਵੱਲ ਸੀ
ਕਦੀ ਮੇਰੀ ਕੰਡ
ਤੇਰੀ ਕੰਡ ਵੱਲ ਸੀ
ਕਦੀ ਚਿਹਰੇ ਸਾਵੇਂ
ਚਿਹਰਾ ਸੀ
ਕੁੱਝ ਇਸ ਤਰ੍ਹਾਂ ਦਾ
ਝੂਠਾ ਤੇ ਸੱਚਾ ਰਿਸ਼ਤਾ
ਤੇਰਾ ਤੇ ਮੇਰਾ ਸੀ

'ਬੁੱਕਲ ਵਿਚੋਂ'

ਉਹ
ਅਣਜਾਣ ਸੀ
ਕਿਰਨਾਂ ਜਨਮਦੀ
ਸੂਰਜ ਦੀ ਕੁੱਖ਼ ਤੋਂ
ਦਿਨ ਦੇ ਚਿੱਟੇ ਚਾਨਣ ਤੋਂ
ਧੁੱਪਾਂ ਦੇ ਨਿੱਘ ਤੋਂ
ਸੂਰਜ ਦੇ ਡੁੱਬਣ ਤੇ ਚੜ੍ਹਣ ਤੋਂ
ਡੁੱਬਦੇ ਸੂਰਜ ਦੇ ਰੰਗਾਂ ਦੇ
ਢਲਣ ਤੋਂ

'ਸ਼ੀਸ਼ੇ ਦਾ ਸ਼ਹਿਰ ਵਿਚੋਂ'

–ਚਰਨ ਸਿੰਘ